Samaj Weekly
ਸਮਾਜ ਵੀਕਲੀ
Punjabi, Hindi & English Newspaper - UK & EU Edition
Vol : 3 : # ਅੰਕ 272 15/01/2025 www.samajweekly.com samajweekly @samajweekly samajweekly

# ਇਕੋ ਸਮੇਂ ਚੋਣਾਂ ਲਈ 800 ਵਾਧੂ ਗੋਦਾਮਾਂ ਦੀ ਲੋੜ ਪਵੇਗੀ : ਚੋਣ ਕਮਿਸ਼ਨ

## ਚੋਣ ਕਮਿਸ਼ਨ ਨੇ ਗੋਦਾਮਾਂ ਦੀ ਉਸਾਰੀ ਨੂੰ ਇਕ ‘ਮੁਸ਼ਕਲ ਪ੍ਰਕਿਰਿਆ’ ਕਰਾਰ ਦਿਤਾ

**ਨਵੀਂ ਦਿੱਲੀ।** ਚੋਣ ਕਮਿਸ਼ਨ ਨੇ ਲੋਕ ਸਭਾ ਅਤੇ ਵਿਧਾਨ ਸਭਾ ਚੋਣਾਂ ਇਕੋ ਸਮੇਂ ਹੋਣ ਦੀ ਸੂਰਤ ’ਚ ਇਲੈਕਟ੍ਰਾਨਿਕ ਵੋਟਿੰਗ ਮਸ਼ੀਨਾਂ (ਈ।ਵੀ।ਐਮ।) ਅਤੇ ਹੋਰ ਉਪਕਰਣਾਂ ਦੇ ਭੰਡਾਰਨ ਲਈ ਦੇਸ਼ ਭਰ ’ਚ 800 ਵਾਧੂ ਗੋਦਾਮਾਂ ਦੀ ਜ਼ਰੂਰਤ ਦਾ ਅਨੁਮਾਨ ਲਗਾਇਆ ਹੈ।

ਚੋਣ ਕਮਿਸ਼ਨ ਨੇ ਗੋਦਾਮਾਂ ਦੀ ਉਸਾਰੀ ਨੂੰ ਇਕ ‘ਮੁਸ਼ਕਲ ਪ੍ਰਕਿਰਿਆ’ ਕਰਾਰ ਦਿਤਾ ਜਿੱਥੇ ਖ਼ਰਚ ਤੋਂ ਬਚਿਆ ਨਹੀਂ ਜਾ ਸਕਦਾ। ਜ਼ਮੀਨ ਅਤੇ ਉਸਾਰੀ ਦੀ ਲਾਗਤ ਸਬੰਧਤ ਸੂਬਾ ਸਰਕਾਰਾਂ ਵਲੋਂ ਕੀਤੀ ਜਾਂਦੀ ਹੈ। ਮਾਰਚ 2023 ’ਚ ਕਮਿਸ਼ਨ ਨੇ ਕੇਂਦਰੀ ਕਾਨੂੰਨ ਮੰਤਰਾਲੇ ’ਚ ਕਾਨੂੰਨ ਕਮਿਸ਼ਨ ਅਤੇ ਕਾਨੂੰਨੀ ਮਾਮਲਿਆਂ ਦੇ ਵਿਭਾਗ ਨਾਲ ਇਕੋ ਸਮੇਂ ਚੋਣਾਂ ਕਰਵਾਉਣ ਦੇ ਵੱਖ-ਵੱਖ ਪਹਿਲੂਆਂ ’ਤੇ ਅਪਣੇ ਵਿਚਾਰ ਸਾਂਝੇ ਕੀਤੇ ਸਨ।

ਇਸ ਮੁੱਦੇ ’ਤੇ ਚੋਣ ਕਮਿਸ਼ਨ ਦੇ ਵਿਚਾਰ ਹੁਣ ਸੰਸਦ ਦੀ ਸੰਯੁਕਤ ਕਮੇਟੀ ਦੇ ਮੈਂਬਰਾਂ ਨਾਲ ਸਾਂਝੇ ਕੀਤੇ ਗਏ ਦਸਤਾਵੇਜ਼ਾਂ ਦਾ ਹਿੱਸਾ ਹਨ, ਜੋ ਦੇਸ਼ ਵਿਚ ਇਕੋ ਸਮੇਂ ਚੋਣਾਂ ਕਰਵਾਉਣ ਲਈ ਤੰਤਰ ਬਣਾਉਣ ਵਾਲੇ ਦੋ ਬਿਲਾਂ ਦੀ ਜਾਂਚ ਕਰ ਰਹੀ ਹੈ।




ਕਮਿਸ਼ਨ ਨੇ ਕਿਹਾ, “ਇਕੋ ਸਮੇਂ ਚੋਣਾਂ ਹੋਣ ਦੀ ਸੂਰਤ ’ਚ ਈ।ਵੀ।ਐਮ।/ਵੀ।ਵੀ।ਪੈਟ। ਦੇ ਸੁਰੱਖਿਅਤ ਭੰਡਾਰਨ ਲਈ ਲਗਭਗ 800 ਵਾਧੂ ਗੋਦਾਮਾਂ ਦੀ ਲੋੜ ਪਵੇਗੀ।” ਸਾਰੇ ਗੋਦਾਮਾਂ ’ਚ ਸੁਰੱਖਿਆ ਅਤੇ ਸੁਰੱਖਿਆ ਵਿਸ਼ੇਸ਼ਤਾਵਾਂ ਨੂੰ ਲਾਗੂ ਕਰਨ ਲਈ ਵਾਧੂ ਵਿੱਤੀ ਖਰਚੇ ਦੀ ਲੋੜ ਹੋਵੇਗੀ, ਜਿਸ ’ਚ ਸੁਰੱਖਿਆ ਕਰਮਚਾਰੀਆਂ ਦੀ ਤਾਇਨਾਤੀ, ਮਹੀਨਾਵਾਰ ਅਤੇ ਤਿਮਾਹੀ ਨਿਰੀਖਣ, ਫਾਇਰ ਅਲਾਰਮ, ਸੀ।ਸੀ।ਟੀ।ਵੀ। ਕੈਮਰੇ ਆਦਿ ਸ਼ਾਮਲ ਹਨ। ਹਾਲਾਂਕਿ ਚੋਣ ਕਮਿਸ਼ਨ ਨੇ ਇਹ ਵੀ ਕਿਹਾ ਹੈ ਕਿ ਜੇਕਰ ਲੋੜੀਂਦਾ ਸਮਾਂ ਦਿਤਾ ਜਾਵੇ ਅਤੇ ਸਬੰਧਤ ਰਾਜ ਸਰਕਾਰਾਂ ਇਨ੍ਹਾਂ ਜ਼ਰੂਰਤਾਂ ਨੂੰ ਤਰਜੀਹ ਦੇਣ ਤਾਂ ਇਸ ਚੁਨੌਤੀ ਨੂੰ ਦੂਰ ਕੀਤਾ ਜਾ ਸਕਦਾ ਹੈ। ਦੇਸ਼ ’ਚ ਲਗਭਗ 772 ਜ਼ਿਲ੍ਹੇ ਹਨ। ਜੁਲਾਈ 2012 ’ਚ ਚੋਣ ਕਮਿਸ਼ਨ ਨੇ ਈ।ਵੀ।ਐਮ। ਅਤੇ ਵੋਟਰ ਵੈਰੀਫਿਏਬਲ ਪੇਪਰ ਆਡਿਟ ਟ੍ਰੇਲ ਮਸ਼ੀਨਾਂ (ਵੀ।ਵੀ।ਪੀ।ਏ।ਟੀ।) ਨੂੰ ਸਟੋਰ ਕਰਨ ਲਈ ਹਰ ਜ਼ਿਲ੍ਹੇ ’ਚ ‘ਸਮਰਪਿਤ ਗੋਦਾਮ’ ਬਣਾਉਣ ਦੀ ਸ਼ੁਰੂਆਤ ਕੀਤੀ ਸੀ।

ਕਮਿਸ਼ਨ ਨੇ ਕਾਨੂੰਨ ਕਮਿਸ਼ਨ ਨੂੰ ਦਸਿਆ ਸੀ, “ਇਹ ਪਤਾ ਲੱਗਿਆ ਹੈ ਕਿ 326 ਜ਼ਿਲ੍ਹਿਆਂ ’ਚ ਨਵੇਂ ਗੋਦਾਮ ਬਣਾਉਣ ਦੀ ਲੋੜ ਹੈ। ਮਾਰਚ 2023 ਤਕ, 194 ਗੋਦਾਮਾਂ ਦੀ ਉਸਾਰੀ ਪੂਰੀ ਹੋ ਚੁਕੀ ਹੈ, 106 ਗੋਦਾਮ ਨਿਰਮਾਣ ਅਧੀਨ ਹਨ, 13 ਗੋਦਾਮਾਂ ਲਈ ਜ਼ਮੀਨ ਦੀ ਪਛਾਣ ਕੀਤੀ ਗਈ ਹੈ ਅਤੇ ਮਨਜ਼ੂਰੀ ਦਿਤੀ ਗਈ ਹੈ ਅਤੇ 13 ਲਈ ਅਜੇ ਤਕ ਜ਼ਮੀਨ ਅਲਾਟ ਨਹੀਂ ਕੀਤੀ ਗਈ ਹੈ।”

# ਖਨੌਰੀ ਬਾਰਡਰ ਤੋਂ ਕਿਸਾਨਾਂ ਦਾ ਵੱਡਾ ਐਲਾਨ, ਕੱਲ੍ਹ ਤੋਂ ਮਰਨ ਵਰਤ ’ਤੇ ਬੈਠਣਗੇ 111 ਕਿਸਾਨ

**ਖਨੌਰੀ ਬਾਰਡਰ।** ਖਨੌਰੀ ਬਾਰਡਰ ਤੋਂ ਕਿਸਾਨਾਂ ਨੇ ਅਹਿਮ ਪ੍ਰੈਸ ਵਾਰਤਾ ਕੀਤੀ। ਇਸ ਮੌਕੇ ਕਿਸਾਨ ਆਗੂਆਂ ਨੇ ਕਿਹਾ ਹੈ ਕਿ ਕਿਸਾਨ ਆਗੂ ਜਗਜੀਤ ਸਿੰਘ ਡੱਲੇਵਾਲ ਦਾ ਮਰਨ ਵਰਤ ਦਾ 50ਵਾਂ ਦਿਨ ਹੈ। ਕਿਸਾਨ ਆਗੂਆਂ ਨੇ ਕਿਹਾ ਹੈ ਕਿ ਡੱਲੇਵਾਲ ਦੀ ਸਿਹਤ ਦਿਨੋਂ-ਦਿਨ ਵਿਗੜੀ ਜਾ ਰਹੀ ਹੈ। ਇਸ ਮੌਕੇ ਕਿਸਾਨ ਆਗੂਆਂ ਨੇ ਭਾਜਪਾ ਉੱਤੇ ਤੰਜ ਕੱਸਦੇ ਹੋਏ ਕਿਹਾ ਹੈ ਕਿ ਐੱਮਐੱਸਪੀ ਇਕੋ-ਇਕ ਸਾਧਨ ਹੈ ਜਿਸ ਨਾਲ ਕਿਸਾਨੀ ਨੂੰ ਬਚਾਇਆ ਜਾ ਸਕਦਾ ਹੈ। ਕਿਸਾਨ ਆਗੂਆਂ ਨੇ ਕਿਹਾ ਹੈ ਕਿ ਕੱਲ੍ਹ ਤੋਂ 111 ਕਿਸਾਨ ਮਰਨ ਵਰਤ ਉੱਤੇ ਬੈਠਣਗੇ। ਉਨ੍ਹਾਂ ਨੇ ਕਿਹਾ ਹੈ ਕਿ ਇਹ ਮਰਨ ਵਰਤ ਦਪੁਹਿਰ 2 ਵਜੇ ਤੋਂ ਸ਼ੁਰੂ ਹੋਵੇਗਾ। ਇਸ ਮੌਕੇ ਕਿਸਾਨ ਆਗੂ ਸਿਰਫ ਪਾਣੀ ਪੀਣਗੇ। ਉਨ੍ਹਾਂ ਨੇ ਕਿਹਾ ਹੈ ਕਿ ਇਹ ਮਰਨ ਵਰਤ ਉਦੋਂ ਤੱਕ ਜਾਰੀ ਰਹੇਗਾ ਜਦੋਂ ਤੱਕ ਕੇਂਦਰ ਸਰਕਾਰ ਸਾਰੀਆਂ ਮੰਗਾਂ ਨਹੀਂ ਮੰਨਦੀ। ਕਿਸਾਨ ਆਗੂਆਂ ਦਾ ਕਹਿਣਾ ਹੈ ਕਿ ਇਹ 111 ਕਿਸਾਨ ਕਾਲੇ ਰੰਗ ਦੇ ਕੱਪੜੇ ਪਾ ਕੇ ਮਰਨ ਵਰਤ ਸ਼ੁਰੂ ਕਰਨਗੇ। ਉਨ੍ਹਾਂ ਨੇ ਕਿਹਾ ਹੈ ਕਿ ਕੇਂਦਰ ਸਰਕਾਰ ਖਿਲਾਫ਼ ਰੋਸ ਪ੍ਰਦਰਸ਼ਨ ਕੀਤਾ ਜਾਵੇਗਾ। ਉਨ੍ਹਾਂ ਨੇ ਕਿਹਾ ਹੈ ਕਿ ਇਸ ਜਥੇ ਵਿੱਚ ਕਿਸਾਨ ਆਗੂ ਹੋਣਗੇ। ਉਨ੍ਹਾਂ ਨੇ ਕਿਹਾ ਹੈ ਕਿ ਇਹ ਪ੍ਰਦਰਸ਼ਨ ਸ਼ਾਤਮਈ ਢੰਗ ਨਾਲ ਹੋਵੇਗਾ। ਕਿਸਾਨ ਆਗੂ ਨੇ ਕਿਹਾ ਹੈ ਕਿ ਅਸੀਂ ਦੇਸ਼ ਦੇ ਕਿਸਾਨਾਂ ਨੂੰ ਅਪੀਲ ਕਰਦੇ ਹਾਂ ਕਿ ਕਿਸੇ ਨਾ ਕਿਸੇ ਰੂਪ ਵਿੱਚ ਅੰਦੋਲਨ ਦਾ ਹਿੱਸਾ ਬਣੋ। ਉਨ੍ਹਾਂ ਨੇ ਕਿਹਾ ਹੈ ਕਿ ਕੇਂਦਰ ਸਰਕਾਰ ਨੂੰ ਦੱਸ ਦੇਣਾ ਚਾਹੁੰਦੇ ਹਾਂ ਇਹ ਮਰਨ ਵਰਤ ਉਦੋਂ ਤੱਕ ਜਾਰੀ ਰਹੇਗਾ ਜਦੋਂ ਤੱਕ ਸਾਰੀਆਂ ਮੰਗਾਂ ਨਹੀਂ ਮੰਨ ਲੈਂਦੇ।



# ਦਿੱਲੀ ਦੀ ਮੁੱਖ ਮੰਤਰੀ ਆਤਿਸ਼ੀ 'ਤੇ ਚੋਣ ਜ਼ਾਬਤੇ ਦੀ ਉਲੰਘਣਾ ਦਾ ਦੋਸ਼, FIR ਦਰਜ



ਨਵੀਂ ਦਿਲੀ। ਮੁੱਖ ਮੰਤਰੀ ਆਤਿਸ਼ੀ ਵਿਰੁੱਧ ਚੋਣ ਜ਼ਾਬਤੇ ਦੀ ਉਲੰਘਣਾ ਕਰਨ ਦੇ ਦੋਸ਼ ਵਿੱਚ ਐਫਆਈਆਰ ਦਰਜ ਕੀਤੀ ਗਈ ਹੈ। ਰਿਟਰਨਿੰਗ ਅਫਸਰ ਨੇ ਸੀਐਮ ਆਤਿਸ਼ੀ ਖਿਲਾਫ ਇਹ ਐਫਆਈਆਰ ਦਰਜ ਕਰਵਾਈ ਹੈ। ਜਾਣਕਾਰੀ ਅਨੁਸਾਰ ਕਾਲਕਾਜੀ ਨਿਵਾਸੀ ਕੇਐਸ ਦੁੱਗਲ ਨੇ ਗੋਵਿੰਦਪੁਰੀ ਦੇ ਐਸਐਚਓ ਕੋਲ ਵੀ ਸ਼ਿਕ-ਾਇਤ ਦਰਜ ਕਰਵਾਈ ਹੈ। ਸ਼ਿਕਾਇਤ ਵਿੱਚ ਕਿਹਾ ਗਿਆ ਹੈ ਕਿ ਚੋਣਾਂ ਦੇ ਐਲਾਨ ਤੋਂ ਬਾਅਦ, 7 ਜਨਵਰੀ ਨੂੰ ਦੁਪਹਿਰ 2:30 ਵਜੇ ਦੇ ਕਰੀਬ, ਲੋਕ ਨਿਰਮਾਣ ਵਿਭਾਗ ਦੇ ਸਰਕਾਰੀ ਵਾਹਨ ਨਿੱਜੀ ਚੋਣ ਦਫ਼ਤਰ ਵਿੱਚ ਚੋਣ ਸਮੱਗਰੀ ਪਹੁੰਚਾਉਂਦੇ ਰਹੇ। ਰਿਟਰਨਿੰਗ ਅਫਸਰ ਨੇ ਏਸੀਪੀ ਕਾਲਕਾਜੀ ਨੂੰ ਦੱਖਣ ਪੂਰਬੀ ਮੰਡਲ ਕਾਰਜਕਾਰੀ ਇੰਜੀਨੀਅਰ ਸੰਜੇ ਕੁਮਾਰ ਵਿਰੁੱਧ ਤੁਰੰਤ ਕਾਰਵਾਈ ਕਰਨ ਦਾ ਹੁਕਮ ਦਿੱਤਾ। ਕਾਲਕਾਜੀ ਪੁਲਿਸ ਨੇ ਇਸ ਮਾਮਲੇ ਵਿੱਚ ਮਾਮਲਾ ਦਰਜ ਕਰ ਲਿਆ ਹੈ। ਇਸ ਮਾਮਲੇ ਨੂੰ ਸਿੱਧੇ ਤੌਰ 'ਤੇ ਚੋਣ ਜ਼ਾਬਤੇ ਦੀ ਉਲੰਘਣਾ ਨਾਲ ਜੋੜਿਆ ਜਾ ਰਿਹਾ ਹੈ ਕਿਉਂਕਿ ਇੱਕ ਵਾਰ ਚੋਣ ਜ਼ਾਬਤਾ ਲਾਗੂ ਹੋਣ ਤੋਂ ਬਾਅਦ ਕੋਈ ਵੀ ਉਮੀਦਵਾਰ ਆਪਣੇ ਨਿੱਜੀ ਕੰਮ ਲਈ ਸਰਕਾਰੀ ਵਾਹਨ ਦੀ ਵਰਤੋਂ ਨਹੀਂ ਕਰ ਸਕਦਾ।

# ਅੰਮ੍ਰਿਤਪਾਲ ਸਿੰਘ ਟੀਮ ਵੱਲੋਂ ਅਕਾਲੀ ਦਲ (ਵਾਰਿਸ ਪੰਜਾਬ ਦੇ) ਬਣਾਉਣ ਦਾ ਐਲਾਨ

**ਸ੍ਰੀ ਮੁਕਤਸਰ ਸਾਹਿਬ।** ਮੇਲਾ ਮਾਘੀ ਮੌਕੇ ਲੋਕ ਸਭਾ ਮੈਂਬਰ ਭਾਈ ਅੰਮ੍ਰਿਤਪਾਲ ਸਿੰਘ ਦੀ ਟੀਮ ਵੱਲੋਂ ਕੀਤੀ ਗਈ ਸਿਆਸੀ ਕਾਨਫਰੰਸ ਦੌਰਾਨ ਸਟੇਜ ਤੋਂ 15-ਨੁਕਾਤੀ ਮਤਾ ਪਾਸ ਕਰਦਿਆਂ ਨਵੀਂ ਸੂਬਾਈ ਪਾਰਟੀ 'ਅਕਾਲੀ ਦਲ (ਵਾਰਿਸ ਪੰਜਾਬ ਦੇ)' ਬਣਾਉਣ ਦਾ ਐਲਾਨ ਕੀਤਾ ਗਿਆ। ਇਹ ਕਾਨਫਰੰਸ ਬਠਿੰਡਾ ਰੋਡ ਉਪਰ 'ਗਰੀਨ ਸੀ ਰਿਜ਼ੋਰਟਸ' ਵਿਖੇ ਹੋਈ ਜਿਸ ਵਿੱਚ ਵੱਡੀ ਗਿਣਤੀ ਲੋਕਾਂ ਨੇ ਹਿੱਸਾ ਲਿਆ। ਸਟੇਜ ਤੋਂ ਫਰੀਦਕੋਟ ਦੇ ਲੋਕ ਸਭਾ ਮੈਂਬਰ ਸਰਬਜੀਤ ਸਿੰਘ ਖਾਲਸਾ, ਅੰਮ੍ਰਿਤਪਾਲ ਸਿੰਘ ਦੇ ਪਿਤਾ ਤਰਸੇਮ ਸਿੰਘ ਅਤੇ ਹੋਰਨਾਂ ਨੇ ਸੰਬੋਧਨ ਕੀਤਾ। ਪਾਸ ਕੀਤੇ ਮਤੇ ਅਨੁਸਾਰ ਡਿਬਰੂਗੜ੍ਹ ਜੇਲ੍ਹ 'ਚ ਬੰਦ ਭਾਈ ਅੰਮ੍ਰਿਤਪਾਲ ਸਿੰਘ ਖਾਲਸਾ ਨੂੰ ਪਾਰਟੀ ਦਾ ਮੁੱਖ ਸੇਵਾਦਾਰ ਬਣਾਇਆ ਗਿਆ। ਪਾਰਟੀ ਦੇ ਸੂਬਾਈ ਪ੍ਰਧਾਨ ਦੀ ਚੋਣ ਤੱਕ ਪੰਜ ਮੈਂਬਰ ਕਾਰਜਕਾਰੀ ਕਮੇਟੀ ਬਣਾਈ ਗਈ ਹੈ, ਜਿਸ ਵਿੱਚ ਤਰਸੇਮ ਸਿੰਘ (ਅੰਮ੍ਰਿਤਪਾਲ ਸਿੰਘ ਦੇ ਪਿਤਾ), ਫਰੀਦਕੋਟ ਦੇ ਐਮਪੀ ਸਰਬਜੀਤ ਸਿੰਘ ਖਾਲਸਾ, ਅਮਰਜੀਤ ਸਿੰਘ, ਹਰਭਜਨ ਸਿੰਘ ਤੁੜ ਅਤੇ ਸੁਰਜੀਤ ਸਿੰਘ ਸ਼ਾਮਲ ਕੀਤੇ ਗਏ ਹਨ।



ਇਸੇ ਤਰ੍ਹਾਂ ਨਵੀਂ ਭਰਤੀ ਲਈ ਸੱਤ ਮੈਂਬਰ ਕਮੇਟੀ ਬਣਾਈ ਗਈ ਹੈ। ਪਾਰਟੀ ਦਾ ਸੰਵਿਧਾਨ ਤੇ ਏਜੰਡਾ ਬਣਾਉਣ ਲਈ ਵੀ ਪੰਜ ਮੈਂਬਰੀ ਕਮੇਟੀ ਬਣਾਈ ਗਈ ਹੈ, ਜੋ ਵਿਸਾਖੀ ਤੱਕ ਮਾਹਿਰਾਂ ਦੀ ਸਲਾਹ ਨਾਲ ਆਪਣਾ ਕੰਮ ਪੂਰਾ ਕਰੇਗੀ। ਪਾਸ ਕੀਤੇ ਮਤੇ ਮੁਤਾਬਕ ਸ੍ਰੀ ਅਕਾਲ ਤਖ਼ਤ ਦੇ ਮੀਰੀ-ਪੀਰੀ ਸਿਧਾਂਤ ਦੀ ਰਾਖੀ ਕਰਨੀ, ਸਮੁੱਖੀ ਬੰਦੀ ਸਿੰਘਾਂ ਦੀ ਰਿਹਾਈ ਲਈ ਕੀਤੇ ਜਾ ਰਹੇ ਸੰਘਰਸ਼ ਦੀ ਹਮਾਇਤ ਕੀਤੀ, ਨਸਲਾਂ ਤੇ ਫਸਲਾਂ ਬਚਾਉਣ ਲਈ ਕਿਸਾਨੀ ਸੰਘਰਸ਼ ਦੀ ਹਮਾਇਤ ਕਰਨੀ, ਆਨੰਦਪੁਰ ਸਾਹਿਬ ਮਤੇ ਦੀ ਵਾਪਸੀ ਇਸ ਸਿਆਸੀ ਪਾਰਟੀ ਦੇ ਮੰਤਵ ਹੋਣਗੇ। ਇਸੇ ਤਰ੍ਹਾਂ ਵਿਦਿਅਕ ਢਾਂਚੇ ਵਿੱਚ ਗੈਰ ਪੰਜਾਬੀ ਲੋਕਾਂ ਦੇ ਦਖ਼ਲ ਨੂੰ ਰੋਕਿਆ ਜਾਵੇਗਾ ਅਤੇ ਪੰਜਾਬ ਵਿਰੋਧੀ ਅਨਸਰਾਂ ਨੂੰ ਨੱਥ ਪਾਈ ਜਾਵੇਗੀ। ਪੰਜਾਬ ਵਿੱਚ ਯੋਜਨਾਬੱਧ ਤਰੀਕੇ ਨਾਲ ਹੋ ਰਹੇ ਪਰਵਾਸ ਅਤੇ ਪੰਜਾਬ ਦੇ ਕੁਦਰਤੀ ਸਰੋਤਾਂ ਨੂੰ ਬਚਾਉਣ ਲਈ ਯਤਨ ਕੀਤੇ ਜਾਣਗੇ। ਬੇਅਦਬੀਆਂ ਕਰ ਕੇ ਪੰਜਾਬ ਦੀ ਅਮਨ ਕਾਨੂੰਨ ਦੀ ਸਥਿਤੀ ਨੂੰ ਲਾਂਬੂ ਲਾਉਣ ਦੀਆਂ ਕੋਸ਼ਿਸ਼ਾਂ ਨੂੰ ਰੋਕਿਆ ਜਾਵੇਗਾ। ਪਾਰਟੀ ਹਰ ਵਰਗ ਦੀ ਨੁਮਾਇੰਦਗੀ ਨਾਲ ਅੱਗੇ ਵਧੇਗੀ। ਸਿੱਖ ਰਾਜਨੀਤੀ ਦਾ ਬਦਲਵਾਂ ਬਿਰਤਾਂਤ ਸਿਰਜਣ ਲਈ ਏਕਤਾ ਦੀ ਅਪੀਲ ਕੀਤੀ ਗਈ।

## ਪੁਡੂਚੇਰੀ ਜਾ ਰਹੀ ਟਰੇਨ ਦੇ 5 ਡੱਬੇ ਪਟੜੀ ਤੋਂ ਉਤਰੇ, ਲੋਕੋ ਪਾਇਲਟ ਦੀ ਚੌਕਸੀ ਨਾਲ ਟਲਿਆ ਵੱਡਾ ਹਾਦਸਾ

**ਪੁਡੂਚੇਰੀ।** ਪੋਂਗਲ ਤਿਉਹ-ਾਰ ਵਾਲੇ ਦਿਨ 14 ਜਨਵਰੀ ਦੀ ਸਵੇਰ ਨੂੰ ਤਾਮਿਲਨਾਡੂ ਦੇ ਵਿੱਲੂਪੁਰਮ ਰੇਲਵੇ ਸਟੇਸ਼ਨ ਦੇ ਨੇੜੇ ਇਕ ਵੱਡਾ ਰੇਲ ਹਾਦਸਾ ਟਲ ਗਿਆ। ਪੁਡੂਚੇਰੀ ਜਾ ਰਹੀ ਯਾਤਰੀ ਰੇਲਗੱਡੀ ਦੇ ਪੰਜ ਡੱਬੇ ਪਟੜੀ ਤੋਂ ਉਤਰ ਗਏ, ਪਰ ਲੋਕੋ ਪਾਇਲਟ ਦੀ ਚੌਕਸੀ ਅਤੇ ਸਮੇਂ ਸਿਰ ਟਰੇਨ ਦੇ ਰੁਕਣ ਕਾਰਨ ਕੋਈ ਜਾਨੀ ਜਾਂ ਮਾਲੀ ਨੁਕਸਾਨ ਨਹੀਂ ਹੋਇਆ। ਇਹ ਘਟਨਾ ਵਿਲੂਪੁਰਮ ਰੇਲਵੇ ਸਟੇਸ਼ਨ ਨੇੜੇ ਸਵੇਰੇ 5:25 ਵਜੇ ਵਾਪਰੀ। ਐਮਈਐਮਯੂ ਟਰੇਨ (ਮੇਨਲਾਈਨ



ਇਲੈਕਟ੍ਰਿਕ ਮਲਟੀਪਲ ਯੂਨਿਟ), ਜੋ ਕਿ ਛੋਟੀ ਦੂਰੀ ਦੀ ਯਾਤਰਾ ਕਰਦੀ ਹੈ, ਇਕ ਮੋੜ ਨੂੰ ਪਾਰ ਕਰਦੇ ਸਮੇਂ ਪਟੜੀ ਤੋਂ ਉਤਰ ਗਈ। ਟਰੇਨ 'ਚ ਸਵਾਰ ਸਾਰੇ ਯਾਤਰੀਆਂ ਨੂੰ ਸੁਰੱਖਿਅਤ ਬਾਹਰ ਕੱਢ ਲਿਆ ਗਿਆ। ਕਿਸੇ ਦੇ ਜ਼ਖ਼ਮੀ ਹੋਣ ਦੀ ਕੋਈ ਖ਼ਬਰ ਨਹੀਂ ਹੈ। ਰੇਲਵੇ ਅਧਿਕਾਰੀਆਂ ਅਤੇ ਇੰਜੀਨੀਅਰਾਂ ਨੂੰ ਤੁਰਤ ਮੌਕੇ 'ਤੇ ਭੇਜਿਆ ਗਿਆ। ਟਰੈਕ ਦੀ ਮੁਰੰਮਤ ਦਾ ਕੰਮ ਚੱਲ ਰਿਹਾ ਹੈ ਅਤੇ ਹੋਰ ਰੇਲ ਗੱਡੀਆਂ ਦੇ ਰੂਟ ਸਾਫ਼ ਕੀਤੇ ਜਾ ਰਹੇ ਹਨ। ਵਿਲੂਪੁਰਮ ਰੇਲਵੇ ਪੁਲਿਸ ਨੇ ਘਟਨਾ ਦੀ ਬਾਰੀਕੀ ਨਾਲ ਜਾਂਚ ਸ਼ੁਰੂ ਕਰ ਦਿਤੀ ਹੈ। ਘਟਨਾ ਦੇ ਕਾਰਨਾਂ ਦੀ ਜਾਣਕਾਰੀ ਜਾਂਚ ਤੋਂ ਬਾਅਦ ਹੀ ਸਾਹਮਣੇ ਆਵੇਗੀ। ਪੋਂਗਲ, ਤਾਮਿਲ ਹਿੰਦੂਆਂ ਦਾ ਇਕ ਪ੍ਰਮੁੱਖ ਤਿਉਹਾਰ, ਖ਼ੁਸ਼ੀ ਅਤੇ ਜਸ਼ਨ ਨਾਲ ਮਨਾਇਆ ਜਾਂਦਾ ਹੈ। ਇਸ ਦਿਨ ਟਰੇਨ 'ਚ ਸਫ਼ਰ ਕਰਨ ਵਾਲੇ ਯਾਤਰੀਆਂ ਦੀ ਸੁਰੱਖਿਆ ਨੂੰ ਲੈ ਕੇ ਵੱਡੀ ਰਾਹਤ ਮਿਲੀ ਹੈ।

## ਦਿੱਲੀ ਵਿਧਾਨ ਸਭਾ ਚੋਣਾਂ : ਕਾਂਗਰਸ ਨੇ 16 ਉਮੀਦਵਾਰਾਂ ਦੀ ਸੂਚੀ ਕੀਤੀ ਜਾਰੀ

**ਨਵੀਂ ਦਿੱਲੀ।** ਕਾਂਗਰਸ ਨੇ ਦਿੱਲੀ ਵਿਧਾਨ ਸਭਾ ਚੋਣਾਂ ਲਈ ਉਮੀਦਵਾਰਾਂ ਦੀ ਇੱਕ ਹੋਰ ਸੂਚੀ ਜਾਰੀ ਕੀਤੀ ਹੈ। ਇਸ ਵਿੱਚ 16 ਸੀਟਾਂ ਲਈ ਉਮੀਦਵਾਰਾਂ ਦੇ ਨਾਵਾਂ ਦਾ ਐਲਾਨ ਕੀਤਾ ਗਿਆ ਹੈ। ਕਾਂਗਰਸ ਨੇ ਮੁੰਡਕਾ ਸੀਟ ਤੋਂ ਧਰਮਪਾਲ ਲਾਕੜਾ ਅਤੇ ਕਿਰਾੜੀ ਸੀਟ ਤੋਂ ਰਾਜੇਸ਼ ਗੁਪਤਾ ਨੂੰ ਟਿਕਟ ਦਿੱਤੀ ਹੈ। ਕਾਂਗਰਸ ਨੇ ਪਾਲਮ ਵਿਧਾਨ ਸਭਾ ਸੀਟ ਤੋਂ ਮੰਗੇ ਰਾਮ ਨੂੰ ਆਪਣਾ ਉਮੀਦਵਾਰ ਬਣਾਇਆ ਹੈ। ਕਾਂਗਰਸ ਨੇ ਹੁਣ ਤੱਕ 70 ਮੈਂਬਰੀ ਵਿਧਾਨ ਸਭਾ ਦੀਆਂ ਚੋਣਾਂ ਲਈ ਕੁੱਲ 63 ਉਮੀਦਵਾਰਾਂ ਦਾ ਐਲਾਨ ਕਰ ਦਿੱਤਾ ਹੈ। ਇਸ ਤੋਂ ਪਹਿਲਾਂ, ਤਿੰਨ ਵੱਖ-ਵੱਖ ਸੂਚੀਆਂ ਵਿੱਚ ਕੁੱਲ 48 ਉਮੀਦਵਾਰਾਂ ਦਾ ਐਲਾਨ ਕੀਤਾ ਗਿਆ ਸੀ। ਹਾਲਾਂਕਿ, ਕਾਂਗਰਸ ਉਮੀਦਵਾਰਾਂ ਦੀ ਇਸ ਚੌਥੀ ਸੂਚੀ ਵਿੱਚ ਕੁੱਲ 16 ਨਾਮ



ਹਨ, ਜਿਨ੍ਹਾਂ ਵਿੱਚੋਂ ਇੱਕ ਈਸ਼ਵਰ ਬਾਗੜੀ ਹੈ ਜਿਨ੍ਹਾਂ ਨੂੰ ਪ੍ਰਮੋਦ ਜਯੰਤ ਦੀ ਜਗ੍ਹਾ ਗੋਕੁਲਪੁਰ ਤੋਂ ਉਮੀਦਵਾਰ ਬਣਾਇਆ ਗਿਆ ਹੈ। ਇਸ ਤੋਂ ਪਹਿਲਾਂ ਗੋਕੁਲਪੁਰ ਤੋਂ ਜਯੰਤ ਦੇ ਨਾਮ ਦਾ ਐਲਾਨ ਕੀਤਾ ਗਿਆ ਸੀ। ਪਾਰਟੀ ਨੇ ਮੁਸਲਿਮ ਬਹੁਲਤਾ ਵਾਲੇ ਓਖਲਾ ਵਿਧਾਨ ਸਭਾ ਹਲਕੇ ਤੋਂ ਨਗਰ ਕੌਂਸਲਰ ਅਰੀਬਾ ਖਾਨ ਨੂੰ ਟਿਕਟ ਦਿੱਤੀ ਹੈ। ਕਾਂਗਰਸ ਨੇ ਗਾਂਧੀ ਨਗਰ ਤੋਂ ਕਮਲ ਅਰੋੜਾ, ਪਾਲਮ ਤੋਂ ਮੰਗੇ ਰਾਮ, ਮਾਡਲ ਟਾਊਨ ਤੋਂ ਕੁੰਵਰ ਕਰਨ ਸਿੰਘ ਅਤੇ ਸ਼ਾਹਦਰਾ ਤੋਂ ਜਗਤ ਸਿੰਘ ਨੂੰ ਮੈਦਾਨ ਵਿੱਚ ਉਤਾਰਿਆ ਹੈ। ਦਿੱਲੀ ਵਿਧਾਨ ਸਭਾ ਲਈ ਵੋਟਿੰਗ 5 ਫਰਵਰੀ ਨੂੰ ਹੋਵੇਗੀ ਅਤੇ ਵੋਟਾਂ ਦੀ ਗਿਣਤੀ 8 ਫਰਵਰੀ ਨੂੰ ਹੋਵੇਗੀ।

## ਲੋਹੜੀ ਮਨਾ ਰਹੇ ਪਰਿਵਾਰ 'ਤੇ ਚੜ੍ਹਾ ਦਿੱਤੀ ਤੇਜ਼ ਰਫ਼ਤਾਰ ਗੱਡੀ, ਘਰ 'ਚ ਵਿੱਛ ਗਏ ਸੱਥਰ



**ਪਟਿਆਲਾ।** ਪਟਿਆਲਾ ਦੇ ਵਿੱਚ ਦੇਰ ਰਾਤ ਲੋਹੜੀ ਮਨਾ ਰਹੇ ਇਕ ਧੀਂ ਕਲੋਨੀ ਵਿੱਚ ਤੇਜ਼ ਰਫ਼ਤਾਰ ਗੱਡੀ ਨੇ ਸੱਥਰ ਵਿਛਾ ਦਿੱਤੇ। ਗੱਡੀ ਚਾਲਕ ਨੇ ਲੋਹੜੀ ਮਨਾ ਰਹੇ ਪਰਿਵਾਰ 'ਤੇ ਤੇਜ਼ ਰਫ਼ਤਾਰ ਗੱਡੀ ਚੜਾ ਦਿੱਤੀ। ਮੌਕੇ 'ਤੇ ਚਸ਼ਮਦੀਦ ਦੇ ਅਨੁਸਾਰ ਡੀ ਸੀ ਡਬਲਿਊ ਕਲੋਨੀ ਪਟਿਆਲਾ 'ਚ ਕੱਲ ਦੇਰ ਰਾਤ 10:30 ਵਜੇ ਦੇ ਕਰੀਬ ਉਹ ਆਪਣੇ ਗੁਆਂਡੀਆਂ ਦੇ ਨਾਲ ਲੋਹੜੀ ਮਨਾ ਰਹੇ ਸਨ ਤਾਂ ਇਨੇ ਨੂੰ ਇੱਕ ਤੇਜ਼ ਰਫ਼ਤਾਰ ਗੱਡੀ ਉਹਨਾਂ ਦੇ ਵੱਲ ਆ ਗਈ ਅਤੇ ਇਸ ਗੱਡੀ ਨੇ ਬੱਚਿਆਂ ਸਮੇਤ ਬਜ਼ੁਰਗ ਤੇ ਇੱਕ ਨੌਜਵਾਨ ਨੂੰ ਕੁਚਲ ਦਿੱਤਾ ਜਿਸ 'ਚ ਇੱਕ ਅਤੁਲ ਨਮਕ ਵਿਅਕਤੀ ਦੀ ਮੌਕੇ 'ਤੇ ਹੀ ਮੌਤ ਹੋ ਗਈ। ਫ਼ਿਲਹਾਲ ਮੌਕੇ ਉੱਪਰ ਗੱਡੀ ਚਾਲਕ ਨੂੰ ਤਾਂ ਫੜ ਲਿਆ ਗਿਆ ਪਰ ਉਸ ਦੇ ਨਾਲ ਦੇ ਸਾਥੀ ਮੌਕੇ ਉੱਪਰੋਂ ਭੱਜ ਗਏ। ਪੁਲਿਸ ਨੇ ਮ੍ਰਿਤਕ ਅਤੁਲ ਦੀ ਪਤਨੀ ਦੇ ਬਿਆਨਾਂ ਦੇ ਅਧਾਰ ਦੇ ਉੱਪਰ ਮਾਮਲਾ ਦਰਜ ਕਰ ਲਿਆ ਹੈ।

Samaj Weekly
ਸਮਾਜ ਵੀਕਲੀ
Editor-in-chief
Devinder Chander
+44 7878 456 484
Editorial Office
Samaj Weekly
Samaj Media Enterprise Ltd
46 Summer Road
Erdington,Birmingham UK
B23 6UR
+44 7878 456 484
+44 121 565 4810
info@samajweekly.com
samajweekly@gmail.com

ਹਰ ਪ੍ਰਕਾਰ ਦੇ ਵਪਾਰਕ ਅਤੇ ਕਲਾਸੀਫਾਈਡ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ।

ਪੱਤਰਕਾਰਾਂ ਦੀ ਲੋੜ

ਇੰਗਲੈਂਡ ਦੇ ਹਰ ਇਲਾਕੇ 'ਚ ਪੱਤਰਕਾਰਾਂ ਦੀ ਲੋੜ ਹੈ, ਪੱਤਰਕਾਰਤਾ ਦਾ ਸ਼ੌਕ ਰੱਖਣ ਵਾਲੇ ਆਪਣੀ C.V email: samajweekly@gmail.com ਉੱਤੇ ਭੇਜ ਸਕਦੇ ਹਨ।

Editor-in-chief : Devinder Chander
Mob: 07878 456 484

ਨੋਟ : ਪੱਤਰਕਾਰਤਾ ਦਾ ਤਜੁਰਬਾ ਰੱਖਣ ਵਾਲੇ ਨੂੰ ਪਹਿਲ ਦਿਤੀ ਜਾਵੇਗੀ।

## ਪਦਮਸ੍ਰੀ ਸੁਰਜੀਤ ਪਾਤਰ ਦੇ ਨਾਂ ’ਤੇ ਬਣੇਗਾ ਐਥਿਕਲ ਏਆਈ ਸੈਂਟਰ



**ਅੰਮ੍ਰਿਤਸਰ।** ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਮੰਗਲਵਾਰ ਨੂੰ ਇੱਥੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਵਿੱਚ ਉੱਘੇ ਸ਼ਾਇਰ ਪਦਮਸ੍ਰੀ ਮਰਹੂਮ ਸੁਰਜੀਤ ਪਾਤਰ ਦੇ ਨਾਂ ’ਤੇ ਸੁਰਜੀਤ ਪਾਤਰ ਐਥਿਕਲ ਏਆਈ ਸੈਂਟਰ ਬਣਾਉਣ ਦਾ ਐਲਾਨ ਕੀਤਾ ਹੈ। ਉਹ ਅੱਜ ਗੁਰੂ ਨਾਨਕ ਦੇਵ ਯੂਨੀਵਰਸਿਟੀ ਵਿੱਚ ਸੁਰਜੀਤ ਪਾਤਰ ਦੀ ਯਾਦ ਵਿੱਚ ਕੀਤੇ ਗਏ ਇੱਕ ਸਮਾਗਮ ਵਿੱਚ ਸ਼ਾਮਿਲ ਹੋਣ ਲਈ ਪੁੱਜੇ ਸਨ। ਇਹ ਸਮਾਗਮ ਗੁਰੂ ਨਾਨਕ ਦੇਵ ਯੂਨੀਵਰਸਿਟੀ ਵੱਲੋਂ ਪੰਜਾਬ ਕਲਾ ਪਰਿਸ਼ਦ ਅਤੇ ਭਾਸ਼ਾ ਵਿਭਾਗ ਪਟਿਆਲਾ ਦੇ ਸਹਿਯੋਗ ਨਾਲ ਕਰਵਾਇਆ ਗਿਆ ਹੈ। ਇਸ ਮੌਕੇ ਸੰਬੋਧਨ ਕਰਦਿਆਂ ਮੁੱਖ ਮੰਤਰੀ ਨੇ ਮਰਹੂਮ ਸੁਰਜੀਤ ਪਾਤਰ ਨਾਲ ਆਪਣੀ ਨੇੜਤਾ ਦੇ ਕਿੱਸੇ ਅਤੇ ਉਨ੍ਹਾਂ ਨੂੰ ਸੁਣਾਈ ਆਪਣੀ ਇੱਕ ਕਵਿਤਾ ਵੀ ਸਾਂਝੀ ਕੀਤੀ।

## ਰਾਜੌਰੀ ਵਿੱਚ LOC ਨੇੜੇ ਬਾਰੂਦੀ ਸੁਰੰਗ ਫਟਣ ਕਾਰਨ ਛੇ ਜਵਾਨ ਜ਼ਖ਼ਮੀ

**ਜੰਮੂ।** ਅਧਿਕਾਰੀਆਂ ਨੇ ਦੱਸਿਆ ਕਿ ਮੰਗਲਵਾਰ ਨੂੰ ਜੰਮੂ-ਕਸ਼ਮੀਰ ਦੇ ਰਾਜੌਰੀ ਜ਼ਿਲ੍ਹੇ ਵਿੱਚ ਕੰਟਰੋਲ ਰੇਖਾ (ਲ਼ੋਛ) ਨੇੜੇ ਇੱਕ ਬਾਰੂਦੀ ਸੁਰੰਗ ਧਮਾਕੇ ਵਿੱਚ ਛੇ ਸੈਨਿਕ ਜ਼ਖ਼ਮੀ ਹੋ ਗਏ। ਇਹ ਧਮਾਕਾ ਰਾਜੌਰੀ ਦੇ ਨੌਸ਼ਹਿਰਾ ਸੈਕਟਰ ਵਿੱਚ ਧਮਾਕਾ ਹੋਇਆ। ਇਕ ਅਧਿਕਾਰੀ ਨੇ ਇਹ ਜਾਣਕਾਰੀ ਦਿੰਦਿਆਂ ਕਿਹਾ, “ਇਹ ਘਟਨਾ ਸਵੇਰੇ 10.45 ਵਜੇ ਦੇ ਕਰੀਬ ਵਾਪਰੀ ਜਦੋਂ ਕੰਟਰੋਲ ਰੇਖਾ ਦੇ ਨੌਸ਼ਹਿਰਾ ਸੈਕਟਰ ਵਿੱਚ ਗਸ਼ਤ ਕਰ ਰਹੇ ਇੱਕ ਫ਼ੌਜੀ ਜਵਾਨ ਨੇ ਗਲਤੀ ਨਾਲ ਇੱਕ ਬਾਰੂਦੀ ਸੁਰੰਗ ‘ਤੇ ਪੈਰ ਰੱਖ ਦਿੱਤਾ, ਜਿਸ ਕਾਰਨ ਛੇ ਫ਼ੌਜੀ ਜਵਾਨ ਜ਼ਖ਼ਮੀ ਹੋ ਗਏ। ਸਾਰੇ ਜ਼ਖ਼ਮੀ



ਫੌਜੀ ਜਵਾਨਾਂ ਨੂੰ ਹਸਪਤਾਲ ਭੇਜ ਦਿੱਤਾ ਗਿਆ ਹੈ, ਜਿੱਥੇ ਡਾਕਟਰਾਂ ਨੇ ਉਨ੍ਹਾਂ ਦੀ ਹਾਲਤ ਸਥਿਰ ਦੱਸੀ ਹੈ।” ਗ਼ੌਰਤਲਬ ਹੈ ਕਿ ਭਾਰਤ ਵਾਲੇ ਪਾਸੇ ਐਲਓਸੀ ਦੇ ਨੇੜਲੇ ਖੇਤਰਾਂ ਨੂੰ ਬਾਰੂਦੀ ਸੁਰੰਗਾਂ ਲਗਾ ਕੇ ਸੁਰੱਖਿਅਤ ਕੀਤਾ ਗਿਆ ਹੈ ਤਾਂ ਜੋ ਕੰਟਰੋਲ ਰੇਖਾ ਦੇ ਭਾਰਤ ਵਾਲੇ ਪਾਸੇ ਘੁਸਪੈਠ ਅਤੇ ਦਹਿਸ਼ਤਗਰਦੀ ਸਰਗਰਮੀਆਂ ਨੂੰ ਠੱਲ੍ਹ ਪਾਈ ਜਾ ਸਕੇ। ਇੱਕ ਸੀਨੀਅਰ ਫੌਜੀ ਅਧਿਕਾਰੀ ਨੇ ਕਿਹਾ, “ਸਾਡੇ ਪਾਸੇ ਕੰਟਰੋਲ ਰੇਖਾ ਦੇ ਨੇੜੇ ਲਗਾਈਆਂ ਗਈਆਂ ਕੁਝ ਬਾਰੂਦੀ ਸੁਰੰਗਾਂ ਮੀਂਹ ਆਦਿ ਕਾਰਨ ਆਪਣੀ ਉਸ ਅਸਲ ਜਗ੍ਹਾ ਤੋਂ ਹਿੱਲ ਜਾਂਦੀਆਂ ਹਨ, ਜਿੱਥੇ ਉਨ੍ਹਾਂ ਨੂੰ ਗਸ਼ਤ ਦੇ ਨਕਸ਼ੇ ‘ਤੇ ਦਰਸਾਇਆ ਗਿਆ ਹੁੰਦਾ ਹੈ। ਅੱਜ ਵਰਗੇ ਦੁਖਾਂਤ ਇਨ੍ਹਾਂ ਬਾਰੂਦੀ ਸੁਰੰਗਾਂ ਕਾਰਨ ਹੀ ਵਾਪਰਦੇ ਹਨ, ਜਿਨ੍ਹਾਂ ਨੂੰ ਡ੍ਰਿਫਟ ਮਾਈਨਜ਼ (ਦਰਿਡਟ ਮਿਨਏਸ ਭਾਵ ਅਸਲ ਥਾਂ ਤੋਂ ਹਿੱਲੀਆਂ ਹੋਈਆਂ ਬਾਰੂਦੀ ਸੁਰੰਗਾਂ) ਕਿਹਾ ਜਾਂਦਾ ਹੈ।”

## ਮਥੁਰਾ ਸ਼ਾਹੀ ਈਦਗਾਹ ਵਿਵਾਦ: ਮਸਜਿਦ ਕਮੇਟੀ ਦੀ ਅਰਜ਼ੀ ’ਤੇ ਸੁਣਵਾਈ ਭਲਕੇ

**ਨਵੀਂ ਦਿੱਲੀ।** :ਸੁਪਰੀਮ ਕੋਰਟ ਵੱਲੋਂ ਮਥੁਰਾ ’ਚ ਕ੍ਰਿਸ਼ਨ ਜਨਮਭੂਮੀ-ਸ਼ਾਹੀ ਈਦਗਾਹ ਵਿਵਾਦ ਮਾਮਲੇ ’ਤੇ ਮਸਜਿਦ ਪ੍ਰਬੰਧਕੀ ਕਮੇਟੀ ਦੀ ਅਪੀਲ ਉਪਰ 15 ਜਨਵਰੀ ਨੂੰ ਸੁਣਵਾਈ ਕੀਤੀ ਜਾਵੇਗੀ। ਅਲਾਹਾਬਾਦ ਹਾਈ ਕੋਰਟ ਦੇ ਸਿੰਗਲ ਜੱਜ ਬੈਂਚ ਨੇ ਪਿਛਲੇ ਸਾਲ ਪਹਿਲੀ ਅਗਸਤ ਨੂੰ ਸ਼ਾਹੀ ਮਸਜਿਦ ਈਦਗਾਹ ਟਰੱਸਟ ਦੀ ਅਰਜ਼ੀ ਰੱਦ ਕਰ ਦਿੱਤੀ ਸੀ। ਸੁਪਰੀਮ ਕੋਰਟ ਦੀ ਵੈੱਬਸਾਈਟ ਮੁਤਾਬਕ ਮਾਮਲੇ ’ਤੇ 15 ਜਨਵਰੀ ਨੂੰ ਚੀਫ਼ ਜਸਟਿਸ ਸੰਜੀਵ ਖੰਨਾ



ਅਤੇ ਜਸਟਿਸ ਸੰਜੇ ਕੁਮਾਰ ਦੇ ਬੈਂਚ ਵੱਲੋਂ ਸੁਣਵਾਈ ਕੀਤੀ ਜਾਵੇਗੀ ਜਿਸ ਨੇ ਪਿਛਲੇ ਸਾਲ 9 ਦਸੰਬਰ ਨੂੰ ਅੰਤਿਮ ਫ਼ੈਸਲੇ ਲਈ ਸੁਣਵਾਈ ਸ਼ੁਰੂ ਕੀਤੀ ਸੀ।

## ਹੁਸ਼ਿਆਰਪੁਰ ਦੇ ਜੰਗਲ ’ਚ ਲੋਹੇ ਦੀ ਤਾਰ ਵਿਚ ਫਸਣ ਕਾਰਨ ਤੇਂਦੂਏ ਦੀ ਮੌਤ

**ਹੁਸ਼ਿਆਰਪੁਰ।** ਪੁਲੀਸ ਨੇ ਮੰਗਲਵਾਰ ਨੂੰ ਦੱਸਿਆ ਕਿ ਇੱਥੇ ਬੀਰਮਪੁਰ ਜੰਗਲੀ ਇਲਾਕੇ ਵਿੱਚ ਸਫ਼ੈਦਿਆਂ ਦੇ ਇਕ ਬਾਗ ਦੇ ਆਲੇ ਦੁਆਲੇ ਲਾਈ ਗਈ ਲੋਹੇ ਦੀ ਤਾਰ ਦੀ ਵਾੜ ਵਿੱਚ ਫਸਣ



ਕਾਰਨ ਇਕ ਤੇਂਦੂਏ ਦੀ ਮੌਤ ਹੋ ਗਈ। ਇਹ ਤੇਂਦੂਆ ਸੋਮਵਾਰ ਸਵੇਰੇ ਘਟਨਾ ਸਥਾਨ ’ਤੇ ਮ੍ਰਿਤਕ ਪਾਇਆ ਗਿਆ। ਇਹ ਘਟਨਾ ਸੋਮਵਾਰ ਨੂੰ ਉਦੋਂ ਸਾਹਮਣੇ ਆਈ ਜਦੋਂ ਗੜ੍ਹਸ਼ੰਕਰ ਦੇ ਜੰਗਲਾਤ ਰੇਂਜ ਅਧਿਕਾਰੀ ਰਾਜਪ-ਾਲ ਸਿੰਘ ਅਤੇ ਵਣ ਗਾਰਡ ਰਮਨਪ੍ਰੀਤ ਕੌਰ ਨੇ ਪੁਲੀਸ ਨੂੰ ਇਸ ਬਾਰੇ ਸੂਚਿਤ ਕੀਤਾ। ਰਾਜਪਾਲ ਸਿੰਘ ਦੀ ਸ਼ਿਕਾਇਤ ਤੋਂ ਬਾਅਦ ਪੁਲੀਸ ਨੇ ਜੰਗਲੀ ਜੀਵ ਸੁਰੱਖਿਆ ਐਕਟ, 2022 ਦੀ ਉਲੰਘਣਾ ਦੇ ਸਬੰਧ ਵਿੱਚ ਸਬੰਧਤ ਬਾਗ਼ ਦੇ ਮਾਲਕ ਖ਼ਿਲਾਫ਼ ਕੇਸ ਦਰਜ ਕੀਤਾ ਹੈ। ਪੁਲੀਸ ਨੇ ਕਿਹਾ ਕਿ ਤੇਂਦੂਏ ਦੀ ਮੌਤ ਦੇ ਕਾਰਨਾਂ ਦਾ ਪਤਾ ਲਗਾਉਣ ਲਈ ਹੋਰ ਜਾਂਚ ਕੀਤੀ ਜਾ ਰਹੀ ਹੈ। -




# ਪਿੰਡ ਠੱਟਾ ਨਵਾਂ ਵਿਖੇ ਮਾਘੀ ਦਾ ਦਿਹਾੜਾ ਮਨਾਇਆ ਗਿਆ









ਕਪੂਰਥਲਾ ( ਕੌੜਾ )- ਪਿੰਡ ਠੱਟਾ ਨਵਾਂ ਦੇ ਗੁਰਦੁਆਰਾ ਸਾਹਿਬ ਇਹ 40 ਮੁਕਤਿਆਂ ਦੀ ਸ਼ਹੀਦੀ ਨੂੰ ਸਮਰਪਿਤ ਮਾਘੀ ਦਾ ਜੋੜ ਮੇਲਾ ਬਾਬਾ ਹਰਜੀਤ ਸਿੰਘ ਮੁੱਖ ਸੇਵਾਦਾਰ ਗੁਰਦੁਆਰਾ ਸ਼੍ਰੀ ਦਮਦਮਾ ਸਾਹਿਬ ਦੀ ਸਰਪ੍ਰਸਤੀ ਹੇਠ ਸਮੂਹ ਇਲਾਕਾ ਅਤੇ ਨਗਰ ਨਿਵਾਸੀਆਂ ਦੇ ਸਹਿਯੋਗ ਨਾਲ ਮਨਾਇਆ ਗਿਆ ਰੱਖੇ ਗਏ ਸ਼੍ਰੀ ਅਖੰਡ ਪਾਠ ਸਾਹਿਬ ਦੇ ਭੋਗ ਅਤੇ ਅਰਦਾਸ ਉਪਰੰਤ ਸ਼੍ਰੀ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿੱਚ ਧਾਰਮਿਕ ਦੀਵਾਨ ਸਜਾਏ ਗਏ ਜਿਸ ਵਿੱਚ ਢਾਡੀ ਜਥਾ ਕਰਨੈਲ ਸਿੰਘ ਕੋਮਲ ਅਤੇ ਢਾਡੀ ਜਥਾ ਜਤਿੰਦਰ ਸਿੰਘ ਨੂਰਪੁਰ ਨੇ ਆਪਣੀਆਂ ਵਾਰਾਂ ਰਾਹੀ ਚਾਲੀਆਂ ਮੁਕਤਿਆਂ ਦੀ ਲਾਸਾਨੀ ਕੁਰਬਾਨੀ ਦੇ ਇਤਿਹਾਸ ਨਾਲ ਜੋੜਿਆ ਭਾਈ ਸਤਿੰਦਰ ਪਾਲ ਸਿੰਘ ਗੁਰਦੁਆਰਾ ਹਜੂਰੀ ਰਾਗੀ ਗੁਰਦੁ-ਆਰਾ ਦਮਦਮਾ ਸਾਹਿਬ ਅਤੇ ਭਾਈ ਮਨਜੀਤ ਸਿੰਘ ਨੇ ਵੀ ਸੰਗਤਾਂ ਨੂੰ ਗੁਰ ਚਰਨਾਂ ਨਾਲ ਜੋੜਿਆ ਇਸ ਮੌਕੇ ਤੇ ਬਾਬਾ ਹਰਜੀਤ ਸਿੰਘ ਨੇ ਮਾਘੀ ਦੇ ਜੋੜ ਮੇਲੇ ਲਈ ਕੀਤੇ ਗਏ ਸਾਰਥਕ ਉਪਰਾਲਿਆਂ ਦੀ ਸੰਗਤ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਸਿੱਖ ਕੌਮ ਨੂੰ ਆਪਣੇ ਯੋਧਿਆਂ ਨੂੰ ਇਸੇ ਤਰ੍ਹਾਂ ਯਾਦ ਕਰਨਾ ਚਾਹੀਦਾ ਹੈ ਇਸ ਮੌਕੇ ਤੇ ਬਾਬਾ ਹਰਜੀਤ ਸਿੰਘ ਮੁੱਖ ਸੇਵਾਦਾਰ ਗੁਰਦੁਆਰਾ ਦਮਦਮਾ ਸਾਹਿਬ ਨੇ ਗੁਰੂ ਘਰ ਦੇ ਪਿਆਰਿਆਂ ਦਾ ਸਿਰੋਪਾਓ ਦੇ ਕੇ ਸਨਮਾਨ ਕੀਤਾ। ਸਟੇਜ ਸੰਚਾਲਨ ਦੀ ਭੂਮਿਕਾ ਭਾਈ ਇੰਦਰਜੀਤ ਸਿੰਘ ਬਜਾਜ ਨੇ ਬਾਖੂਬੀ ਨਿਭਾਈ। ਇਸ ਮੌਕੇ ਤੇ ਸੇਵਾਦਾਰਾਂ ਵਿੱਚ ਬਿਕਰਮਜੀਤ ਸਿੰਘ ਮੋਮੀ, ਸਰਪੰਚ ਸੁਖਵਿੰਦਰ ਸਿੰਘ ਸੋਂਦ, ਮਾਸਟਰ ਜਸਬੀਰ ਸਿੰਘ, ਮਾਸਟਰ ਦਲਬੀਰ ਸਿੰਘ, ਸਾਬਕਾ ਸਰਪੰਚ ਗੁਰਦੀਪ ਸਿੰਘ, ਕਰਮਜੀਤ ਸਿੰਘ ਚੇਲਾ ਐਸ ਐਸ ਫਾਰਮ, ਬਚਨ ਸਿੰਘ ਸੇਵਾ ਮੁਕਤ ਡੀਐਸਪੀ, ਤਰਸੇਮ ਸਿੰਘ ਝੰਡ ਸ਼ਿੰਗਾਰਾ ਸਿੰਘ ਝੰਡ, ਮੈਂਬਰ ਵਿੱਚ ਦਲਬੀਰ ਸਿੰਘ, ਹਰਪ੍ਰੀਤ ਸਿੰਘ ਲਵਪ੍ਰੀਤ ਸਿੰਘ, ਜਸਵੰਤ ਸਿੰਘ, ਗੁਲਜਾਰ ਸਿੰਘ ਪੰਜੇ ਪੰਚਾਇਤ ਮੈਂਬਰ ਤੋਂ ਇਲਾਵਾ ਸੰਤੋਖ ਸਿੰਘ ਬਾਵਾ, ਪ੍ਰਧਾਨ ਸੰਤੋਖ ਸਿੰਘ ਗੁਰੂ ਨਾਨਕ ਸੇਵਕ ਜਥਾ ਬਾਹਰਾ, ਡਾਕਟਰ ਬਲਵੀਰ ਸਿੰਘ, ਹੈਡ ਮਾਸਟਰ ਨਿਰੰਜਨ ਸਿੰਘ, ਮਾਸਟਰ ਮਹਿੰਗਾ ਸਿੰਘ ਠੱਟਾ, ਮਾਸਟਰ ਜੋਗਿੰਦਰ ਸਿੰਘ ਠੱਟਾ, ਸਾਬਕਾ ਸਰਪੰਚ ਗੁਰਦੀਪ ਸਿੰਘ, ਬਲਦੇਵ ਸਿੰਘ ਚੀਨੀਆਂ, ਜਗਤਾਰ ਸਿੰਘ, ਹਰਜਿੰਦਰ ਸਿੰਘ ਕਰੀਰ ਦੀਦਾਰ ਸਿੰਘ, ਗਗਨਦੀਪ ਸਿੰਘ ਸੁਖਵਿੰਦਰ ਸਿੰਘ ਮੋਮੀ ਐਮਏ, ਸੁਰਜੀਤ ਸਿੰਘ ਠੱਟਾ, ਸੁਖਵਿੰਦਰ ਸਿੰਘ ਲਾਡੀ ਮਲਕੀਤ ਸਿੰਘ ਚੀਨੀਆਂ ਅਤੇ ਬਖਸ਼ੀਸ਼ ਸਿੰਘ ਮੰਡੀ ਸੁਪਰਵਾਈਜ਼ਰ ਵਿਸ਼ੇਸ਼ ਤੌਰ ਤੇ ਹਾਜ਼ਰ ਸਨ। ਇਸ ਮੌਕੇ ਤੇ ਚਾਹ ਪਕੌੜਿਆਂ ਦੇ ਲੰਗਰ ਤੋਂ ਇਲਾਵਾ ਗੁਰੂ ਕੇ ਲੰਗਰ ਅਤੁੱਟ ਵਰਤਾਏ ਗਏ ।

# ਸਰਗਰਮ ਮੈਂਬਰਸ਼ਿਪ ਮੁਹਿੰਮ ਨੂੰ ਹੁਲਾਰਾ ਦੇਣ ਲਈ ਸੂਬਾ ਸੰਗਠਨ ਮੰਤਰੀ ਸ਼੍ਰੀਨਿਵਾਸਲੂ ਨੇ ਭਾਜਪਾ ਨੇਤਾਵਾਂ ਨਾਲ ਕੀਤੀ ਬੈਠਕ

## ਜੋ ਵਰਕਰ ਹਰ ਮੰਡਲ ਵਿੱਚ 50 ਨਵੇਂ ਮੈਂਬਰ ਬਣਾਏਗਾ,ਉਹੀ ਪਾਰਟੀ ਦਾ ਸਰਗਰਮ ਮੈਂਬਰ ਬਣਨ ਦੇ ਯੋਗ ਹੋਵੇਗਾ-ਖੋਜੇਵਾਲ



**ਕਪੂਰਥਲਾ, ( ਕੌੜਾ )** ਸਰਗਰਮ ਮੈਂਬਰਸ਼ਿਪ ਮੁਹਿੰਮ ਨੂੰ ਹੋਰ ਹੁਲਾਰਾ ਦੇਣ ਲਈ ਹਲਕਾ ਕਪੂਰਥਲਾ ਦੇ ਭਾਜਪਾ ਆਗੂਆਂ ਦੀ ਮੀਟਿੰਗ ਭਾਜਪਾ ਦੇ ਜ਼ਿਲ੍ਹਾ ਪ੍ਰਧਾਨ ਰਣਜੀਤ ਸਿੰਘ ਖੋਜੇਵਾਲ ਦੀ ਅਗਵਾਈ ਹੇਠ ਹੋਈ।ਜਿਸ ਵਿੱਚ ਭਾਜਪਾ ਦੇ ਸੂਬਾ ਸੰਗਠਨ ਮੰਤਰੀ ਸ੍ਰੀਨਿਵਾਸਲੂ ਮੁੱਖ ਮਹਿਮਾਨ ਵਜੋਂ ਸ਼ਾਮਲ ਹੋਏ।ਮੀਟਿੰਗ ਵਿੱਚ ਭਾਜਪਾ ਦੇ ਸੂਬਾਈ ਸੰਗਠਨ ਮੰਤਰੀ ਸ੍ਰੀਨਿਵਾਸਲੂ ਨੇ ਕਿਹਾ ਕਿ ਜਿਸ ਤਰ੍ਹਾਂ ਪਾਰਟੀ ਦੇ ਅਹੁਦੇਦਾਰਾਂ ਅਤੇ ਵਰਕਰਾਂ ਨੇ ਪਹਿਲੀ ਮੈਂਬਰਸ਼ਿਪ ਮੁਹਿੰਮ ਵਿੱਚ ਆਪਣੀ ਭੂਮਿਕਾ ਨਿਭਾਈ ਹੈ,ਉਸੇ ਤਰ੍ਹਾਂ ਹਰੇਕ ਨੂੰ ਸਰਗਰਮ ਮੈਂਬਰਸ਼ਿਪ ਮੁਹਿੰਮ ਵਿੱਚ ਵੀ ਸਰਗਰਮ ਭਾਗੀਦਾਰੀ ਨਿਭਾਉਣੀ ਹੋਵੇਗੀ।ਉਨ੍ਹਾਂ ਕਿਹਾ ਕਿ ਸਰਗਰਮ ਮੈਂਬਰਸ਼ਿਪ ਮੁਹਿੰਮ ਦੌਰਾਨ ਸਾਡੀ ਕੋਸ਼ਿਸ਼ ਇਹ ਹੋਣੀ ਚਾਹੀਦੀ ਹੈ ਕਿ ਸਮਾਜ ਦੇ ਹਰ ਜਾਤ,ਵਰਗ ਅਤੇ ਖੇਤਰ ਦੇ ਲੋਕ ਪਾਰਟੀ ਦੇ ਸਰਗਰਮ ਮੈਂਬਰ ਬਣਨ।ਇਸ ਦੇ ਲਈ ਸਾਨੂੰ ਪਾਰਟੀ ਸੰਗਠਨ ਦੀ ਯੋਜਨਾ ਅਨੁਸਾਰ ਵੱਧ ਤੋਂ ਵੱਧ ਲੋਕਾਂ ਨੂੰ ਪਾਰਟੀ ਦਾ ਮੈਂਬਰ ਬਣਾਉਣ ਲਈ ਕੰਮ ਕਰਨਾ ਹੋਵੇਗਾ।ਉਨ੍ਹਾਂ ਕਿਹਾ ਕਿ ਪਾਰਟੀ ਵਰਕਰ ਮੁੱਢਲੀ ਮੈਂਬਰਸ਼ਿਪ ਮੁਹਿੰਮ ਦੀ ਤਰ੍ਹਾਂ ਵੱਧ ਤੋਂ ਵੱਧ ਲੋਕਾਂ ਨੂੰ ਸਰਗਰਮ ਮੈਂਬਰ ਬਣਾਉਣ ਲਈ ਸਰਗਰਮ ਮੈਂਬਰਸ਼ਿਪ ਮੁਹਿੰਮ ਵਿੱਚ ਜਥੇਬੰਦੀ ਦੀ ਯੋਜਨਾ ਅਨੁਸ-ਾਰ ਕੰਮ ਕਰਦੇ ਹੋਏ ਵੱਧ ਤੋਂ ਵੱਧ ਲੋਕਾਂ ਨੂੰ ਸਰਗਰਮ ਮੈਂਬਰ ਬਣਾਉਣ ਲਈ ਉਤਸ਼ਾਹ ਨਾਲ ਕੰਮ ਕਰਨ।ਉਨ੍ਹਾਂ ਕਿਹਾ ਕਿ ਸਰਗਰਮ ਮੈਂਬਰਸ਼ਿਪ ਮੁਹਿੰਮ ਵਿੱਚ ਸਿਰਫ਼ ਉਹੀ ਸਰਗਰਮ ਮੈਂਬਰ ਬਣ ਸਕਦਾ ਹੈ,ਜਿਸਨੇ ਆਪਣੇ ਵਿਧਾਨ ਸਭਾ ਜਾਂ ਬੂਥ ਵਿੱਚ ਲਾਜ਼ਮੀ ਤੌਰ ਤੇ 50 ਸਰਗਰਮ ਮੈਂਬਰ ਬਣਾਏ ਹੋਣ।ਉਨ੍ਹਾਂਦਾ ਵੇਰਵਾ ਦੇਣ ਤੋਂ ਬਾਅਦ ਹੀ ਸਰਗਰਮ ਮੈਂਬਰ ਬਣ ਸਕਣਗੇ।ਇਸ ਦੇ ਨਾਲ ਹੀ ਸਰਗਰਮ ਮੈਂਬਰਸ਼ਿਪ ਲਈ 100 ਰੁਪਏ ਦੀ ਫੀਸ ਨਮੋ ਐਪ ਰਾਹੀਂ ਜਮ੍ਹਾ ਕਰਵਾਉਣੀ ਪਵੇਗੀ।ਇਸ ਮੌਕੇ ਭਾਜਪਾ ਦੇ ਜ਼ਿਲ੍ਹਾ ਪ੍ਰਧਾਨ ਰਣਜੀਤ ਸਿੰਘ ਖੋਜੇਵਾਲ ਨੇ ਕਿਹਾ ਕਿ ਜੋ ਵਰਕਰ ਹਰ ਮੰਡਲ ਵਿੱਚ 50 ਨਵੇਂ ਮੈਂਬਰ ਬਣਾਏਗਾ,ਉਹ ਹੀ ਸਰਗਰਮ ਮੈਂਬਰ ਬਣਨ ਦੇ ਯੋਗ ਹੋਵੇਗਾ।ਜੋ ਵਰਕਰ ਸਰਗਰਮ ਮੈਂਬਰ ਹੋਣਗੇ,ਉਹ ਹੀ ਪਾਰਟੀ ਦੇ ਅਹੁਦੇਦਾਰਾਂ,ਜ਼ਿਲ੍ਹਾ ਪ੍ਰਧਾਨ ਅਤੇ ਮੰਡਲ ਪ੍ਰਧਾਨ ਨੂੰ ਪਾਰਟੀ ਵਿੱਚੋਂ ਚੁਣ ਸਕਣਗੇ ਅਤੇ ਭਵਿੱਖ ਵਿੱਚ ਨਗਰ ਨਿਗਮ,ਨਗਰ ਪਾਲਿਕਾ ਅਤੇ ਪੰਚਾਇਤੀ ਚੋਣਾਂ ਵਿੱਚ ਟਿਕਟਾਂ ਦਾ ਦਾਅਵਾ ਕਰ ਸਕਣਗੇ।ਖੋਜੇਵਾਲ ਨੇ ਕਿਹਾ ਕਿ ਭਾਜਪਾ ਹਮੇਸ਼ਾ ਹੀ ਵਫ਼ਾਦਾਰ ਸਮਰਪਿਤ ਵਰਕਰਾਂ ਨੂੰ ਅਹਿਮ ਭੂਮਿਕਾ ਵਿੱਚ ਰੱਖਦੀ ਹੈ।ਜੋ ਆਪਣੇ ਮੈਂਬਰਾਂ ਦੀਆਂ ਲੋੜਾਂ ਅਤੇ ਉਮੀਦਾਂ ਦਾ ਪੂਰਾ ਖਿਆਲ ਰੱਖਦੀ ਹੈ।ਮੀਟਿੰਗ ਵਿੱਚ ਕੇਂਦਰ ਸਰਕਾਰ ਦੀਆਂ ਲੋਕ ਭਲਾਈ ਸਕੀਮਾਂ ਬਾਰੇ ਵੀ ਜਾਣਕਾਰੀ ਦਿੱਤੀ ਗਈ।ਇਸ ਮੌਕੇ ਭਾਜਪਾ ਦੇ ਸੂਬਾ ਕਾਰਜਕਾਰਨੀ ਮੈਂਬਰ ਉਮੇਸ਼ ਸ਼ਾਰਦਾ,ਸੂਬਾ ਕਾਰਜਕਾਰਨੀ ਮੈਂਬਰ ਸ਼ਾਮ ਸੁੰਦਰ ਅਗਰਵਾਲ, ਸੂਬਾ ਕਾਰਜਕਾਰਨੀ ਮੈਂਬਰ ਮਨੂੰ ਧੀਰ,ਮਧੂ ਸੂਦ, ਰਾਕੇਸ਼ ਨੀਟੂ,ਅਸ਼ੋਕ ਮਾਹਲਾ,ਪ੍ਰਦੀਪ ਸੂਦ,ਜਗਦੀਸ਼ ਸ਼ਰਮਾ,ਰਾਕੇਸ਼ ਪੁਰੀ,ਵਿੱਕੀ ਗੁਜਰਾਲ, ਯਾਦਵਿੰਦਰ ਪਾਸੀ,ਮਹਿੰਦਰ ਬਲੇਰ,ਰਣਜੀਤ ਸਿੰਘ,ਕਪੂਰਚੰਦ ਥਾਪਰ,ਆਸ਼ੀਸ਼ ਮਹਿਤਾ,ਹੀਰਕ ਜੋਸ਼ੀ,ਸੰਨੀ ਬੈਂਸ, ਈਸ਼ਾ ਮਹਾਜਨ,ਰਮੇਸ਼ ਸ਼ਰਮਾ,ਕਮਲਜੀਤ ਪ੍ਰਭਾਕਰ, ਧਰਮਪਾਲ ਸ਼ਾਰਦਾ,ਛਤਰ ਸਿੰਘ,ਸਰਬਜੀਤ ਦਿਓਲ,ਤੀਰਥ ਲੰਬੜਦਾਰ ਆਦਿ ਹਾਜ਼ਰ ਸਨ।

# ਹੈਲਥ ਸੈਂਟਰ ਗੁਰਨੇ ਕਲਾਂ ਵਿਖੇ ਜਨ ਅਰੋਗਇਆ ਕਮੇਟੀ ਦੀ ਮੀਟਿੰਗ ਹੋਈ



**ਬੁਢਲਾਡਾ ( ਚਾਨਣ ਦੀਪ ਸਿੰਘ ਔਲਖ )** ਸਿਵਲ ਸਰਜਨ ਡਾ। ਰਣਜੀਤ ਸਿੰਘ ਰਾਏ ਅਤੇ ਸੀਨੀਅਰ ਮੈਡੀਕਲ ਅਫ਼ਸਰ ਬੁਢਲਾਡਾ ਡਾ। ਮਨਜੀਤ ਕੌਰ ਜੀ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਪਿੰਡ ਗੁਰਨੇ ਕਲਾਂ ਵਿਖੇ ਹੈਲਥ ਸੈਂਟਰ ਵਿੱਚ ਜਨ ਅਰੋਗਿਆ ਕਮੇਟੀ ਦੀ ਮੀਟਿੰਗ ਕੀਤੀ ਗਈ ਜਿਸ ਵਿਚ ਸਿਹਤ ਸੁਪਰਵਾਈਜ਼ਰ ਭੋਲਾ ਸਿੰਘ ਵਿਰਕ ਨੇ ਨਵੀਂ ਬਣੀ ਪੰਚਾਇਤ ਨੂੰ ਜੀ ਆਇਆਂ ਕਿਹਾ ਅਤੇ ਸਾਰੇ ਹਾਜ਼ਰ ਮੈਂਬਰਾਂ ਨੂੰ ਜਨ ਅਰੋਗਿਆ ਕਮੇਟੀ ਸੰਬੰਧੀ ਜਾਣਕਾਰੀ ਦਿੱਤੀ । ਇਸ ਮੌਕੇ ਤੇ ਕਮਿਊਨਿਟੀ ਹੈਲਥ ਅਫ਼ਸਰ ਮਨਪ੍ਰੀਤ ਕੌਰ ਨੇ ਦੱਸਿਆ ਕਿ ਹੈਲਥ ਸੈਂਟਰ ਉਪਰ ਬਲੱਡ ਪ੍ਰੈਸ਼ਰ ,ਸ਼ੂਗਰ, ਖੰਘ, ਬੁਖ਼ਾਰ ਆਦਿ ਦੀਆਂ ਦਵਾਈਆਂ ਮੁੱਫਤ ਦਿੱਤੀਆਂ ਜਾਂਦੀਆਂ ਹਨ। ਇਸ ਦੇ ਨਾਲ ਹੀ ਬਲੱਡ ਪ੍ਰੈਸ਼ਰ ,ਸ਼ੂਗਰ ਆਦਿ ਦੀ ਜਾਂਚ ਵੀ ਮੁਫ਼ਤ ਕੀਤੀ ਜਾਂਦੀ ਹੈ।ਇਸ ਤੋਂ ਇਲਾਵਾ ਹਰ ਮਹੀਨੇ ਦੂਜੇ ਤੇ ਚੌਥੇ ਬੁੱਧਵਾਰ ਨਵੇਂ ਜਨਮੇ ਬੱਚਿਆਂ ਤੇ ਗਰਭਵਤੀ ਔਰਤਾਂ ਦਾ ਟੀਕਾਕਰਨ ਕੀਤਾ ਜਾਂਦਾ ਤੇ ਆਇਰਨ ,ਕੈਲਸ਼ੀਅਮ ਦੀਆ ਗੋਲੀਆਂ ਦਿੱਤੀਆਂ ਜਾਂਦੀਆ ਹਨ।ਇਸ ਮੌਕੇ ਗੁਰਪ੍ਰੀਤ ਸਿੰਘ ਸਿਹਤ ਵਰਕਰ ਨੇ ਦੱਸਿਆ ਕਿ ਡੇਂਗੂ ,ਮਲੇਰੀਆ ਦੀ ਰੋਰਥਾਮ ਸਬੰਧੀ ਪਿੰਡ ਵਿੱਚ ਸਰਵੇ ਕੀਤਾ ਜਾਂਦਾ ਹੈ ਸਮੇਂ ਸਮੇਂ ਤੇ ਹੋਣ ਵਾਲਿਆਂ ਬਿਮਾਰੀਆਂ ਸਬੰਧੀ ਪਿੰਡ ਵਾਸੀਆਂ ਨੂੰ ਜਾਣਕਾਰੀ ਦਿੱਤੀ ਜਾਂਦੀ ਹੈ। ਇਸ ਦੇ ਨਾਲ ਹੀ ਪਿੰਡ ਗੁਰਨੇ ਕਲਾਂ ਦੇ ਸਰਪੰਚ ਪਰਮਜੀਤ ਕੌਰ ਨੇ ਇਸ ਮੌਕੇ ਤੇ ਬੋਲਦੇ ਹੋਏ ਕਿਹਾ ਕਿ ਹੈਲਥ ਸੈਂਟਰ ਨੂੰ ਸੰਚਾਰੂ ਢੰਗ ਨਾਲ ਚਲਾਉਣ ਲਈ ਹਰ ਸਮੇਂ ਪੂਰੀ ਪੰਚਾਇਤ ਦਾ ਸਹਿਯੋਗ ਮਿਲਦਾ ਰਹੇਗਾ। ਇਸ ਮੌਕੇ ਗੁਰਦੀਪ ਸਿੰਘ ,ਮੇਘ ਰਾਜ ਸ਼ਰਮਾ ,ਪਰਮਜੀਤ ਕੌਰ ,ਬੂਟਾ ਸਿੰਘ, ਸ਼ਿੰਦਰ ਕੌਰ ,ਬੇਅੰਤ ਕੌਰ ,ਜਸਵੀਰ ਕੌਰ ,ਜਗਪਾਲ ਕੌਰ ਆਸ਼ਾ ਵਰਕਰ ਆਦਿ ਮੌਜੂਦ ਸਨ ।

# ਪੰਜਾਬੀ ਲਿਖਾਰੀ ਸਭਾ ਮਕਸੂਦੜਾ ਦੀ ਮਹੀਨਾਵਾਰ ਮਿਲਣੀ

## ਸਲਾਨਾ ਪੁਰਸਕਾਰਾਂ ਦਾ ਐਲਾਨ ਛੇਤੀ-ਪ੍ਰਧਾਨ ਬਲਿਹਾਰ ਸਿੰਘ

**ਮਾਛੀਵਾੜਾ ਸਾਹਿਬ/ਬਲਬੀਰ ਸਿੰਘ ਬੱਬੀ** ਪੇਂਡੂ ਪੰਜਾਬੀ ਲਿਖਾਰੀ ਸਭਾ, ਮਕਸੂਦੜਾ ਵੱਲੋਂ ਜਨਵਰੀ ਮਹੀਨੇ ਦੀ ਮਹੀਨਾਵਾਰ ਇਕੱਤਰਤਾ, ਪ੍ਰਧਾਨ ਬਲਿਹਾਰ ਸਿੰਘ ਗੋਬਿੰਦਗੜ੍ਹੀਆ ਦੀ ਪ੍ਰਧਾਨਗੀ ਹੇਠ ਹੋਈ। ਨਵੇਂ ਸਾਲ ਦੀ ਪਹਿਲੀ ਮੀਟਿੰਗ ਸ਼ਹੀਦ ਭਗਤ ਸਿੰਘ ਲਾਇਬ੍ਰੇਰੀ, ਮਕਸੂਦੜਾ ਦੀ ਨਵੀਂ ਬਣੀ ਇਮਾਰਤ ਵਿੱਚ ਹੋਈ। ਇਸ ਪਹਿਲੀ ਇਕੱਤਰਤਾ ਵਿੱਚ ਹਾਜ਼ਰੀਨ ਵੱਲੋਂ ਲਾਇਬ੍ਰੇਰੀ ਦੀ ਇਮਾਰਤ ਨੂੰ ਨਵਿਆਉਣ ਅਤੇ ਹੋਰ ਸਮਾਨ ਭੇਜਣ ਲਈ ਪੰਜਾਬ ਸਰਕਾਰ ਅਤੇ ਹਲਕਾ ਵਿਧਾਇਕ ਸਰਦਾਰ ਮਨਵਿੰਦਰ ਸਿੰਘ ਗਿਆਸਪੁਰਾ ਦਾ ਧੰਨਵਾਦ ਕੀਤਾ ਗਿਆ। ਰਚਨਾਵਾਂ ਦੇ ਦੌਰ ਦੀ ਸ਼ੁਰੂਆਤ ਜੰਗ ਸਿੰਘ ਕੂੱਪ ਖੁਰਦ ਵੱਲੋਂ ਗੀਤ,"ਗੁਰੂ ਗੋਬਿੰਦ ਸਿੰਘ ਦੀ



ਮਹਿਮਾ" ਸੁਣਾਕੇ ਕੀਤੀ ਫਿਰ ਜਗਦੇਵ ਮਕਸੂਦੜਾ, ਮਨਜੀਤ ਘਣਗਸ,ਅਤੇ ਬਲਿਹਾਰ ਸਿੰਘ ਗੋਬਿੰਦਗੜ੍ਹੀਆ ਵੱਲੋਂ ਇੱਕ ਇੱਕ ਗੀਤ ਸੁਣਾਇਆ। ਗੁਰਮੀਤ ਸਿੰਘ ਗਿੱਲ ਨੇ ਕਵਿਤਾ ਅਤੇ ਰਾਮ ਸਿੰਘ ਭੀਖੀ ਨੇ ਗ਼ਜ਼ਲ ਨਾਲ ਹਾਜ਼ਰੀ ਲਗਵਾਈ। ਪ੍ਰੀਤ ਸਿੰਘ ਸੰਦਲ ਨੇ ਲੇਖ, " ਬੇਦਾਵੇ ਦਾ ਸੱਚ, ਖੋਜ ਦੀ ਕਸਵੱਟੀ 'ਤੇ" ਸੁਣਾਇਆ। ਜਸਵੀਰ ਝੱਜ ਨੇ "ਗੀਤ ਦੀ ਬਣਤਰ ਅਤੇ ਬੁਣਤਰ " ਸਬੰਧੀ ਵਿਚਾਰ ਪੇਸ਼ ਕੀਤੇ ਪੜ੍ਹੀਆਂ ਗਈਆਂ ਰਚਨਾਵਾਂ 'ਤੇ ਭਾਵਪੂਰਤ ਚਰਚਾ ਕੀਤੀ ਗਈ, ਜਿਸ ਵਿੱਚ ਹਰਜੀਤ ਗਿੱਲ, ਅਮਰਿੰਦਰ ਸਿੰਘ, ਦਰਸ਼ਨ ਮਕਸੂਦੜਾ ਅਤੇ ਮਨੂੰ ਬੁਆਣੀ ਨੇ ਭਾਗ ਲਿਆ। ਉਪਰੰਤ ਸਭਾ ਵੱਲੋਂ ਮਾਰਚ ਵਿੱਚ ਕਰਵਾਏ ਜਾਣ ਵਾਲੇ ਸਲਾਨਾ ਸਮਾਗਮ ਅਤੇ ਦਿੱਤੇ ਜਾਣ ਵਾਲੇ ਪੁਰਸਕਾਰਾਂ ਸਬੰਧੀ ਸਲਾਹ ਮਸ਼ਵਰਾ ਕੀਤਾ ਗਿਆ। ਪ੍ਰਧਾਨ ਬਲਿਹਾਰ ਸਿੰਘ ਗੋਬਿੰਦਗੜ੍ਹੀਆ ਨੇ ਮੰਚ ਸੰਚਾਲਨ ਕੀਤਾ ।ਜਰਨਲ ਸਕੱਤਰ ਗੁਰਮੀਤ ਸਿੰਘ ਗਿੱਲ ਨੇ ਦੱਸਿਆ ਕਿ ਸਲਾਨਾ ਸਮਾਗਮ ਦੀ ਤਾਰੀਖ ਅਤੇ ਪੁਰਸਕਾਰਾਂ ਨਾਲ ਸਨਮਾਨਿਤ ਹੋਣ ਵਾਲੀਆਂ ਸ਼ਖ਼ਸੀਅਤਾਂ ਦੇ ਨਾਮ ਛੇਤੀ ਹੀ ਸਾਂਝੇ ਕੀਤੇ ਜਾਣਗੇ।

# ਧੰਨ ਧੰਨ ਨਾਭ ਕੰਵਲ ਸ੍ਰੀ ਰਾਜਾ ਸਾਹਿਬ ਜੀ ਦੇ ਸੇਵਾਦਾਰਾਂ ਵਲੋਂ ਆਯੋਜਿਤ ਖ਼ੂਨਦਾਨ ਕੈਂਪ ਦੌਰਾਨ 41 ਯੂਨਿਟ ਖ਼ੂਨਦਾਨ

**ਫਿਲੌਰ/ਅੱਪਰਾ (ਦੀਪਾ)-** ਕਰੀਬੀ ਪਿੰਡ ਕੰਗ ਜਗੀਰ ਵਿਖੇ ਸਥਿਤ ਗੁਰੂਦੁਆਰਾ ਭਾਈ ਬਾਲਾ ਜੀ ਵਿਖੇ ਧੰਨ ਧੰਨ ਨਾਭ ਕੰਵਲ ਸ੍ਰੀ ਰਾਜਾ ਸਾਹਿਬ ਜੀ ਦੇ ਸੇਵਾਦਾਰਾਂ ਵਲੋਂ ਰਾਜਾ ਸਾਹਿਬ ਬਲੱਡ ਗਰੁੱਪ ਤੇ ਸ਼ਹੀਦ ਭਗਤ ਸਿੰਘ ਬਲੱਡ ਬੈਂਕ ਨਵਾਂਸ਼ਹਿਰ ਦੇ ਸਹਿਯੋਗ ਨਾਲ ਖ਼ੂਨਦਾਨ ਕੈਂਪ ਲਗਾਇਆ ਗਿਆ । ਇਸ ਮੌਕੇ 41 ਖ਼ੂਨਦਾਨੀਆਂ ਨੇ ਸਵੈ ਇਛੁੱਕ ਖ਼ੂਨਦਾਨ ਕੀਤਾ । ਇਸ ਮੌਕੇ ਬੋਲਦਿਆਂ ਸਮੂਹ ਸੇਵਾਦਾਰਾਂ ਨੇ ਕਿਹਾ ਕਿ ਖ਼ੂਨਦਾਨ ਇੱਕ ਮਹਾਂ ਦਾਨ ਹੈ । ਖ਼ੂਨਦਾਨ ਕਰਕੇ ਅਸੀਂ ਕੀਮਤੀ ਜਾਨਾਂ ਨੂੰ ਬਚਾ ਸਕਦੇ ਹਾਂ । ਇਸ ਮੌਕੇ ਸਮੂਹ



ਸੇਵਾਦਾਰਾਂ ਵਲੋਂ ਖ਼ੂਨਦਾਨੀਆਂ ਨੂੰ ਸਰਟੀਫਿਕੇਟ ਤੇ ਕੱਪ ਦੇ ਕੇ ਸਨਮਾਨਿਤ ਵੀ ਕੀਤਾ ਗਿਆ ਤੇ ਰਿਫਰੈਸ਼ਮੈਂਟ ਦੇ ਤੌਰ 'ਤੇ ਦੁੱਧ ਤੇ ਫ਼ਲ-ਫਰੂਟ ਦਿੱਤੇ ਗਏ । ਇਸ ਮੌਕੇ ਦਲਜੀਤ ਸਿੰਘ ਕਾਕਾ ਬੜੇ ਪਿੰਡੀਆ, ਹਰਜੀਤ ਸਿੰਘ ਢਿੱਲੋਂ, ਲਖਵੀਰ ਸਿੰਘ ਲਾਲੀ ਬਾਸੀ, ਸੁੱਖਾ ਕੰਗ ਜਗੀਰ, ਨਿੰਦਰ ਅੱਪਰਾ, ਕੁਲਦੀਪ ਸਿੰਘ ਜੌਹਲ ਮੈਂਬਰ ਪੰਚਾਇਤ, ਵਰਿੰਦਰ ਢੰਡਵਾੜ, ਪਵਨ ਨੂਰਮਹਿਲੀਆ, ਕਾਲਾ ਰਾਜਪੁਰੀਆ, ਬੁੱਧ ਪਾਲਨੌਂ, ਸੇਵਾ ਸੁਲਤਾਨਪੁਰ ਵਾਲਾ, ਚੰਨੀ ਭਰੋਮਜਾਰਾ, ਜੱਗੀ ਗਰਚਾ, ਲਾਡਾ ਗੜੀ ਮਹਾਂ ਸਿੰਘ, ਛਿੰਦਾ ਸਮਰਾੜੀ, ਦੀਪਾ ਕੰਗ, ਰਵੀ ਜਗਤਪੁਰ, ਸੋਨੂੰ ਜੌਹਲ, ਪਾਲਾ ਜੌਹਲ ਤੇ ਹੋਰ ਸੇਵਾਦਾਰ ਹਾਜ਼ਰ ਸਨ ।

# ਨੰਬਰਦਾਰ ਯੂਨੀਅਨ ਨੇ ਲੋਹੜੀ ਦੇ ਤਿਉਹਾਰ ਮੌਕੇ ਮੰਗਿਆ ਸਰਬੱਤ ਦਾ ਭਲਾ - ਜ਼ਿਲ੍ਹਾ ਪ੍ਰਧਾਨ ਅਸ਼ੋਕ ਸੰਧੂ "

## 26 ਜਨਵਰੀ ਮਨਾਉਣ, ਸਾਬਕਾ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਅਤੇ ਰਤਨ ਟਾਟਾ ਨੂੰ ਦਿੱਤੀ ਸ਼ਰਧਾਂਜਲੀ "

**ਨੂਰਮਹਿਲ ਨਕੋਦਰ ਮਹਿਤਪੁਰ (ਹਰਜਿੰਦਰ ਪਾਲ ਛਾਬੜਾ)** ਨੰਬਰਦਾਰ ਯੂਨੀਅਨ ਜ਼ਿਲ੍ਹਾ ਜਲੰਧਰ ਦੇ ਪ੍ਰਧਾਨ ਲਾਇਨ ਅਸ਼ੋਕ ਸੰਧੂ ਨੰਬਰਦਾਰ ਨੂਰਮਹਿਲ ਦੀ ਪ੍ਰਧਾਨਗੀ ਹੇਠ ਜ਼ਿਲ੍ਹਾ ਹੈੱਡ ਆਫਿਸ ਤਹਿਸੀਲ ਕੰਪਲੈਕਸ ਨੂਰਮਹਿਲ ਵਿਖੇ ਯੂਨੀਅਨ ਦੀ ਇੱਕ ਵਿਸ਼ੇਸ਼ ਮੀਟਿੰਗ ਹੋਈ। ਇਹ ਮੀਟਿੰਗ ਬੀਤੇ ਸਾਲ 2024 ਦੇ ਲੇਖਾ ਜੋਖਾ ਕਰਨ ਅਤੇ ਨਵੇਂ ਸਾਲ 2025 ਦੇ ਨਵੇਂ ਪ੍ਰੋਗਰਾਮ ਉਲੀਕਣ ਦੇ ਸੰਬੰਧ ਵਿੱਚ ਹੋਈ। ਇਸ ਮੀਟਿੰਗ ਵਿੱਚ ਲਾਇਨਜ਼ ਕਲੱਬ ਨੂਰਮਹਿਲ ਡ੍ਰੀਮ ਦੀ ਪ੍ਰਧਾਨ ਲਾਇਨ ਆਂਚਲ ਸੰਧੂ ਸੋਖਲ, ਕਲੱਬ ਦੇ ਅਫਸਰ ਲਾਇਨ ਬਬਿਤਾ ਸੰਧੂ, ਲਾਇਨ ਦਿਨਕਰ ਜਸਪ੍ਰੀਤ ਸੰਧੂ ਉਚੇਚੇ ਤੌਰ 'ਤੇ ਸ਼ਾਮਿਲ ਹੋਏ। ਕਲੱਬ ਨੇ ਲੋਹੜੀ ਮਨਾਉਣ ਦੇ ਪ੍ਰਬੰਧ ਕੀਤੇ। ਜਥੇਬੰਦੀ ਅਤੇ ਕਲੱਬ ਨੇ ਸਭ ਤੋਂ ਪਹਿਲਾਂ ਹਰ ਸਾਲ ਦੀ ਤਰ੍ਹਾਂ ਲੋਹੜੀ ਦਾ ਪਵਿੱਤਰ ਤਿਓਹਾਰ ਬੜੇ ਸ਼ਰਧਾ ਭਾਵ ਨਾਲ ਮਨਾਉਂਦੇ ਹੋਏ ਪਰਮਾਤਮਾ ਪਾਸੋਂ ਸਰਬੱਤ ਦਾ ਭਲਾ ਮੰਗਿਆ। ਨੰਨ੍ਹੀ ਪਰੀ ਗੁਰਛਾਇਆ ਸੋਖਲ ਪਾਸੋਂ ਲੋਹੜੀ ਦੀ ਧੂਣੀ ਨੂੰ ਅਗਨੀ ਦੇਣ ਦੀ ਰਸਮ ਅਦਾ ਕਰਵਾ ਕੇ ਸਤਿਗੁਰੂ ਨਾਨਕ ਦੇਵ ਜੀ ਦੇ ਆਦੇਸ਼ਾਂ ਨੂੰ ਮੰਨਣ ਲਈ ਲੋਕਾਈ ਨੂੰ ਸੁਨ-ੇਹਾ ਦਿੱਤਾ। ਨੰਬਰਦਾਰ ਸਾਹਿਬਾਨਾਂ ਨੇ ਨਵੇਂ ਸਾਲ 2025 ਦੀ ਖੁਸ਼ੀ ਵਿੱਚ ਇੱਕ ਦੂਜੇ ਵਧਾਈਆਂ ਦਿੰਦਿਆਂ ਪੂਰੇ ਪੰਜਾਬ ਵਿੱਚ ਨੰਬਰਦਾਰਾਂ ਦੇ ਹਿੱਤਾਂ ਲਈ ਕੰਮ ਕਰ ਰਹੀਆਂ ਜਥੇਬੰਦੀਆਂ ਦੀ ਚੜ੍ਹਦੀ ਕਲਾ ਮੰਗਦਿਆਂ ਇੱਕ ਜੁੱਟ ਹੋ ਕੇ ਚੱਲਣ ਦੀ ਅਰਦਾਸ ਕੀਤੀ ਤਾਂ ਕਿ ਨੰਬਰਦਾਰਾਂ ਦੀਆਂ ਮੰਗਾਂ ਸੌਖਿਆਂ ਹੀ ਮੰਨਵਾਈਆਂ ਜਾ ਸਕਣ। ਲੋਹੜੀ ਦਾ ਤਿਓਹਾਰ ਮਨਾਉਣ ਉਪਰੰਤ ਨੰਬਰਦਾਰ ਸਹਿਬਾਨਾਂ ਨੇ 26 ਜਨਵਰੀ ਦਾ ਰਾਸ਼ਟਰੀ ਤਿਉਹਾਰ ਗਣਤੰਤਰ ਦਿਵਸ ਮਨਾਉਣ ਦੀ ਰੂਪ ਰੇਖਾ ਤਿਆਰ ਕੀਤੀ। ਡਾ। ਭੀਮ ਰਾਓ ਅੰਬੇਡਕਰ ਜੀ ਦਾ ਗੁਣਗਾਨ ਗਾਉਂਦਿਆਂ ਫੈਸਲਾ ਕੀਤਾ ਕਿ 26 ਜਨਵਰੀ ਦਾ ਮਹੱਤਵਪੂਰਨ ਦਿਨ ਵੀ ਜਸ਼ਨਾਂ



ਨੰਨ੍ਹੀ ਪਰੀ ਗੁਰਛਾਇਆ ਸੋਖਲ ਲੋਹੜੀ ਦੀ ਧੂਣੀ ਨੂੰ ਅਗਨੀ ਦਿੰਦੀ ਹੋਈ। ਨਾਲ ਹਨ ਜ਼ਿਲ੍ਹਾ ਪ੍ਰਧਾਨ ਅਸ਼ੋਕ ਸੰਧੂ, ਕਲੱਬ ਪ੍ਰਧਾਨ ਲਾਇਨ ਆਂਚਲ ਸੰਧੂ ਸੋਖਲ, ਸੀਨੀਅਰ ਮੀਤ ਪ੍ਰਧਾਨ ਪਰਗਟ ਸਿੰਘ ਅਤੇ ਹੋਰ ਸਿਪਾਸਿਲਾਰ।

ਨਾਲ ਮਨਾਇਆ ਜਾਵੇਗਾ। 26 ਜਨਵਰੀ ਦੇ ਕਾਰਜ ਨੂੰ ਨੇਪਰੇ ਚਾੜ੍ਹਨ ਲਈ ਜਥੇਬੰਦੀ ਦੇ ਸੀਨੀਅਰ ਮੀਤ ਪ੍ਰਧਾਨ ਜ਼ਿਲ੍ਹਾ ਜਲੰਧਰ ਪਰਗਟ ਸਿੰਘ ਸਰਹਾਲੀ, ਪ੍ਰੈੱਸ ਸਕੱਤਰ ਤਰਸੇਮ ਲਾਲ ਉੱਪਲ ਖਾਲਸਾ, ਸਲਾਹਕਾਰ ਗੁਰਦੇਵ ਸਿੰਘ ਨਾਗਰਾ, ਪ੍ਰੇਮ ਚੰਦ ਮੁਆਈ, ਮਹਿੰਦਰ ਸਿੰਘ ਨਾਹਲ, ਲਹਿੰਬਰ ਸਿੰਘ ਚੀਮਾ ਖੁਰਦ, ਹਰਜਿੰਦਰ ਕੁਮਾਰ ਤੱਗੜ ਨੇ ਵਿੱਤੀ ਸਹਾਇਤਾ ਦਿੱਤੀ। ਦੇਸ਼ ਦੀਆਂ ਦੋ ਪ੍ਰਮੁੱਖ ਸ਼ਖਸ਼ੀਅਤਾਂ ਜੋ ਕੁੱਝ ਸਮਾਂ ਪਹਿਲਾਂ ਸਦੀਵੀਂ ਵਿਛੋੜਾ ਦੇ ਗਈਆਂ, ਡਾ। ਮਨਮੋਹਨ ਸਿੰਘ ਸਾਬਕਾ ਪ੍ਰਧਾਨ ਮੰਤਰੀ ਅਤੇ ਮਹਾਦਾਨੀ ਪ੍ਰਮੁੱਖ ਉਦਯੋਗਪਤੀ ਸ਼੍ਰੀ ਰਤਨ ਟਾਟਾ ਜੀ ਨੂੰ ਦੋ ਮਿੰਟ ਦਾ ਮੌਨ ਵਰਤ ਰੱਖ ਕੇ ਸ਼ਰਧਾਂਜਲੀ ਭੇਟ ਕੀਤੀ ਗਈ। ਜ਼ਿਲ੍ਹਾ ਪ੍ਰਧਾਨ ਅਸ਼ੋਕ ਸੰਧੂ ਨੇ ਮੀਟਿੰਗ ਵਿੱਚ ਨੂਰਮਹਿਲ ਦੇ ਉੱਜੜ ਰਹੇ ਅਤੇ ਅਧੂਰੇ ਪਏ ਸਰਕਾਰੀ ਸਕੂਲ ਨੂੰ ਵਿੱਦਿਆ ਦਾ ਮੰਦਰ ਬਨਾਉਣ ਲਈ ਚਰਚਾ ਕਰਦਿਆਂ ਕਿਹਾ ਕਿ ਭਗਵੰਤ ਮਾਨ ਸਰਕਾਰ ਦੇ ਨੁਮਾਇੰਦੇ ਜਾਨ ਬੁੱਝ ਕੇ ਗਰੀਬ ਵਰਗ ਦੇ ਬੱਚਿਆਂ ਨੂੰ ਤੜਪਾ ਰਹੇ ਹਨ। ਫੈਸਲਾ ਲਿਆ ਕਿ ਜਥੇਬੰਦੀ ਸਕੂਲ ਉਸਾਰੇ ਜਾਣ ਲਈ ਮੁੜ ਤੇਜ਼ੀ ਨਾਲ ਸੰਘਰਸ਼ ਕਰੇਗੀ। ਯੂਨੀਅਨ ਨੇ ਪੰਜਾਬ ਸਰਕਾਰ ਤੋਂ ਮੰਗ ਕੀਤੀ ਕਿ ਨੰਬਰਦਾਰ ਸਾਹਿਬਾਨਾਂ ਦਾ ਮਾਣ ਭੱਤਾ 5000/- ਰੁਪਏ ਪ੍ਰਤਿ ਮਹੀਨਾ ਕੀਤਾ ਜਾਵੇ, ਜੱਦੀ ਪੁਸ਼ਤੀ ਮਾਮਲੇ 'ਚ ਨੰਬਰਦਾਰ ਦੁਆਰਾ ਬਣਾਏ ਸਰਬਰਾਹ ਨੂੰ ਪੱਕਿਆਂ ਤੌਰ 'ਤੇ ਨੰਬਰਦਾਰ ਨਿਯੁਕਤ ਕੀਤਾ ਜਾਵੇ। ਇਸ ਮੌਕੇ ਯੂਨੀਅਨ ਦੀ ਮਹਿਲਾ ਨੰਬਰਦਾਰ ਸ਼੍ਰੀਮਤੀ ਦਲਜੀਤ ਕੌਰ ਜੰਡਿਆਲਾ, ਗੁਰਾਇਆ ਸਰਕਲ ਇੰਚਾਰਜ ਅਨਿਲ ਸੂਦ, ਜਨਰਲ ਸਕੱਤਰ ਸੁਰਿੰਦਰ ਪਾਲ ਸਿੰਘ, ਪੀ।ਆਰ।ਓ ਜਗਨ ਨਾਥ ਚਾਹਲ, ਡਾਇਰੈਕਟਰ ਗੁਰਮੇਲ ਚੰਦ ਮੱਟੂ, ਅਜੀਤ ਰਾਮ ਤਲਵਣ, ਬਲਵਿੰਦਰ ਕੁਮਾਰ ਭੈਣੀ, ਹਰਭਜਨ ਸਿੰਘ ਭੰਡਾਲ ਬੂਟਾ, ਭਜਨ ਲਾਲ ਕਾਦੀਆਂ, ਲਹਿੰਬਰ ਸਿੰਘ ਚੀਮਾ ਖੁਰਦ, ਆਤਮਾ ਰਾਮ ਭੰਡਾਲ ਬੂਟਾ, ਕੁਲਵਿੰਦਰ ਰਾਮ ਸਾਗਰਪੁਰ, ਬਲਰਾਜ ਸਿੰਘ ਪੱਬਵਾ, ਸੁਖਵਿੰਦਰ ਸਿੰਘ ਉਮਰਪੁਰ ਕਲਾਂ, ਚਰਨਜੀਤ ਸਿੰਘ ਉੱਪਲ ਭੂਪਾ, ਸ਼ਰਧਾ ਰਾਮ ਲਖਨਪਾਲ, ਦਲਜੀਤ ਸਿੰਘ ਭੱਲੋਵਾਲ ਸਮੇਤ ਸਮੂਹ ਨੰਬਰਦਾਰ ਸਾਹਿਬਾਨਾਂ ਨੇ ਮਾਣ ਨਾਲ ਦੱਸਿਆ ਕਿ ਨੰਬਰਦਾਰ ਯੂਨੀਅਨ, ਲਾਇਨਜ਼ ਕਲੱਬਜ਼, ਜੈ ਸ਼ਿਵ ਸ਼ਕਤੀ ਸੇਵਾ ਮੰਡਲ ਨੂਰਮਹਿਲ ਵੱਲੋਂ ਦੇਸ਼ ਦਾ 29ਵਾਂ ਰਾਸ਼ਟਰੀ ਤਿਉਹਾਰ ਚਾਵਾਂ ਸੱਧਰਾਂ ਨਾਲ ਮਨਾਇਆ ਜਾਵੇਗਾ। ਲਗਾਤਾਰ ਰਾਸ਼ਟਰੀ ਤਿਉਹਾਰ ਮਨਾਉਣ ਦਾ ਮਾਣ ਸਿਰਫ ਨੰਬਰਦਾਰ ਯੂਨੀਅਨ ਦੇ ਪਾਸ ਹੀ ਹੈ।

# 40 ਮੁਕਤਿਆਂ ਅਤੇ ਸਮੂਹ ਸ਼ਹੀਦਾਂ ਦੀ ਯਾਦ ਨੂੰ ਮਨੁੱਖਤਾ ਦੇ ਭਲੇ ਲਈ ਖ਼ੂਨਦਾਨ ਕੈਂਪ ਲਾਇਆ

## ਖ਼ੂਨਦਾਨ ਕੈਂਪ ਰਾਹੀਂ ਕਈ ਕੀਮਤੀ ਮਨੁੱਖੀ ਜਾਨਾਂ ਨੂੰ ਬਚਾਇਆ ਜਾ ਸਕਦਾ ਹੈ-ਮੈਨੇਜਰ ਬਲਿਆਲ

**ਲੁਧਿਆਣਾ (ਕਰਨੈਲ ਸਿੰਘ ਐੱਮ.ਏ.)** ਦਸ਼ਮੇਸ਼ ਪਿਤਾ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਜੀ ਦੀ ਚਰਨ-ਛੋਹ ਪ੍ਰਾਪਤ ਇਤਿਹਾਸਕ ਧਰਤੀ ਗੁਰਦੁਆਰਾ ਟਾਹਲੀਆਣਾ ਸਾਹਿਬ ਪਾ: ਦਸਵੀਂ ਵਿਖੇ 40 ਮੁਕਤਿਆਂ ਅਤੇ ਸਮੂਹ ਸ਼ਹੀਦਾਂ ਦੀ ਯਾਦ ਨੂੰ ਸਮਰਪਿਤ ਭਾਈ ਘਨੱਈਆ ਜੀ ਮਿਸ਼ਨ ਸੇਵਾ ਸੁਸਾਇਟੀ (ਰਜਿ:) ਮੁੱਖ ਸੇਵਾਦਾਰ ਜੱਥੇਦਾਰ ਤਰਨਜੀਤ ਸਿੰਘ ਨਿਮਾਣਾ ਵੱਲੋਂ ਹਰਪ੍ਰੀਤ ਸਿੰਘ ਹੈਪੀ ਦੀ ਦੇਖ-ਰੇਖ ਹੇਠ 778ਵਾਂ ਮਹਾਨ ਖ਼ੂਨਦਾਨ ਕੈਂਪ ਜੱਥੇਦਾਰ ਜਗਜੀਤ ਸਿੰਘ ਤਲਵੰਡੀ ਮੈਂਬਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਹਿਯੋਗ ਨਾਲ ਲਗਾਇਆ ਗਿਆ। ਇਸ ਖ਼ੂਨਦਾਨ ਕੈਂਪ ਦਾ ਉਦਘਾਟਨ ਕਰਨ ਸਮੇਂ ਮੈਨੇਜਰ ਤਰਸੇਮ ਸਿੰਘ ਬਲਿਆਲ ਨੇ ਸ਼ਹੀਦਾਂ ਦੀ ਯਾਦ ਵਿੱਚ ਮਨੁੱਖਤਾ ਦੇ ਭਲੇ ਲਈ ਲਗਾਏ ਗਏ



ਮਹਾਨ ਖ਼ੂਨਦਾਨ ਕੈਂਪ ਦੀ ਸ਼ਲਾਘਾ ਕਰਦਿਆਂ ਕਿਹਾ ਖ਼ੂਨਦਾਨ ਕੈਂਪ ਰਾਹੀਂ ਕਈ ਕੀਮਤੀ ਮਨੁੱਖੀ ਜਾਨਾਂ ਨੂੰ ਬਚਾਇਆ ਜਾ ਸਕਦਾ। ਖ਼ੂਨਦਾਨ ਸਿਹਤ ਲਈ ਬਹੁਤ ਫਾਇਦੇਮੰਦ ਹੈ ਇਸ ਮੌਕੇ ਤੇ ਮੈਨੇਜਰ ਤਰਸੇਮ ਸਿੰਘ ਬਲਿਆਲ ਨੇ ਖ਼ੂਨਦਾਨ ਕਰਨ ਵਾਲੇ ਨੌਜਵਾਨਾਂ ਦੀ ਹੌਸਲਾ ਅਫਜ਼ਾਈ ਕਰਦਿਆਂ ਸਰਟੀਫ਼ਿਕੇਟ ਅਤੇ ਸਨਮਾਨ ਚਿੰਨ ਭੇਂਟ ਕਰਕੇ ਸਨਮਾਨਿਤ ਕੀਤਾ। ਇਸ ਮੌਕੇ ਤੇ ਭਾਈ ਘਨੱਈਆ ਜੀ ਮਿਸ਼ਨ ਸੇਵਾ ਸੁਸਾਇਟੀ ਦੇ ਮੁੱਖ ਸੇਵਾਦਾਰ ਜਥੇਦਾਰ ਤਰਨਜੀਤ ਸਿੰਘ ਨਿਮਾਣਾ ਨੇ ਦੱਸਿਆ ਖ਼ੂਨਦਾਨ ਕੈਂਪ ਦੌਰਾਨ 35 ਬਲੱਡ ਯੂਨਿਟ ਇਕੱਤਰ ਕੀਤਾ ਗਿਆ ਖ਼ੂਨ ਲੋੜਵੰਦ ਮਰੀਜ਼ਾਂ ਨੂੰ ਨਿਸ਼ਕਾਮ ਰੂਪ ਵਿੱਚ ਲੈ ਕੇ ਦਿੱਤਾ ਜਾਵੇਗਾ। ਇਸ ਮੌਕੇ ਤੇ ਮਹਿੰਦਰ ਸਿੰਘ ਹੈਡਗ੍ਰੰਥੀ, ਹਰਭਜਨ ਸਿੰਘ ਸੁਪਰਵਾਈਜ਼ਰ ਫਲਾਇੰਗ, ਇੰਸਪੈਕਟਰ ਸਵਰਨ ਸਿੰਘ, ਹਰਪ੍ਰੀਤ ਸਿੰਘ ਅਕਾਊਂਟੈਂਟ, ਹਰਮਿੰਦਰ ਸਿੰਘ ਖਜ਼ਾਨਚੀ, ਗੁਰਦੀਪ ਸਿੰਘ ਸਟੋਰ ਕੀਪਰ, ਹਰਜਿੰਦਰ ਸਿੰਘ ਰਿਕਾਰਡਕੀਪਰ, ਰਜਿੰਦਰ ਸਿੰਘ ਇੰਸਪੈਕਟਰ, ਜਸਰੀਨ ਕੌਰ ਤਾਜਪੁਰ, ਮਨਦੀਪ ਸਿੰਘ ਟੂਸਾ, ਅਰਮਾਨ ਟੂਸਾ, ਪਰਮ ਟੂਸਾ, ਅਮਨਦੀਪ ਸਿੰਘ ਗਬਰ, ਸੁਖਦਰਸ਼ਨ ਸਿੰਘ ਗੋਨੀ ਤਾਜਪੁਰ, ਪ੍ਰੇਮਜੀਤਪਾਲ ਸਿੰਘ ਹਾਜ਼ਰ ਸਨ ।

# ਪੰਜਾਬ ਵਿੱਚ ਨਸ਼ਾ ਰੋਕਣ ਵਾਲਿਆਂ ਦੇ ਉੱਪਰ ਨਸ਼ਾ ਤਸਕਰਾਂ ਦਾ ਜ਼ੁਲਮੀ ਕਹਿਰ

**ਬਲਬੀਰ ਸਿੰਘ ਬੱਬੀ**

ਗੁਰਾਂ ਦੇ ਨਾਂ ਹੇਠ ਵੱਸਦਾ ਪੰਜਾਬ, ਪੰਜ ਆਬਾਂ ਦੀ ਧਰਤੀ, ਗੁਰੂਆਂ ਪੀਰਾਂ ਫਕੀਰਾਂ ਸੂਰਬੀਰ ਯੋਧਿਆਂ ਦੀ ਧਰਤੀ ਜਿਨ੍ਹਾਂ ਦਾ ਇਤਿਹਾਸ ਵਿਸ਼ਾਲ ਵੱਖਰਾ ਤੇ ਮਹਾਨ ਹੈ। ਘੁੱਗ ਵਸਦੇ ਰਸਦੇ ਪੰਜਾਬ ਦੇ ਉੱਪਰ ਅਨੇਕਾਂ ਪਾਸਿਆਂ ਤੋਂ ਪੰਜਾਬ ਦੇ ਵੈਰੀਆਂ ਦੀਆਂ ਨਜ਼ਰਾਂ ਰਹਿੰਦੀਆਂ ਹਨ ਅਨੇਕਾਂ ਧੱਕੇ ਕਸ਼ਟ ਪੰਜਾਬ ਨੇ ਝੱਲੇ ਤੇ ਝੱਲਦਾ ਹੋਇਆ ਮੁੜ ਫਿਰ ਆਪਣਾ ਝੰਡਾ ਉੱਚਾ ਰੱਖਦਾ ਹੈ। ਪੰਜਾਬ ਦੀ ਧਰਤੀ ਉੱਪਰ ਰਾਜਨੀਤਿਕ ਪਾਰਟੀਆਂ ਦੇ ਕੁਝ ਲਾਲਚੀ ਮਨਚਲੇ ਹਰਾਮਖੋਰ ਪੰਜਾਬ ਦੇ ਦੁਸ਼ਮਣ ਰਾਜਨੀਤਿਕ ਪਾਰਟੀਆਂ ਦੇ ਆਗੂਆਂ ਨੇ ਪੰਜਾਬ ਨੂੰ ਅਨੇਕਾਂ ਵਾਰ ਬਲ਼ਦੀ ਦੇ ਬੂਥੇ ਵਿੱਚ ਦਿੱਤਾ ਤਕਰੀਬਨ ਤਿੰਨ ਚਾਰ ਦਹਾਕਿਆਂ ਤੋਂ ਪੰਜਾਬ ਦੇ ਵਿੱਚ ਸਿਆਸੀ ਪਾਰਟੀਆਂ ਦੇ ਆਗੂਆਂ ਦੀ ਪੁਸ਼ਤ ਪਨਾਹੀ ਸਦਕਾ ਨਸ਼ੇ ਦਾ ਕੰਮ ਹੌਲੀ ਹੌਲੀ ਸ਼ੁਰੂ ਹੋ ਗਿਆ, ਹੌਲੀ ਹੌਲੀ ਸ਼ੁਰੂ ਹੋਇਆ ਇਹ ਕੰਮ ਕਦੋਂ ਵੱਡਾ ਰੂਪ ਧਾਰਨ ਕਰ ਗਿਆ ਇਸ ਦਾ ਪਤਾ ਵੀ ਲੱਗਦਾ ਰਿਹਾ ਪਰ ਇਸ ਨੂੰ ਕਾਬੂ ਕਰਨ ਦੀ ਥਾਂ ਕਈ ਤਰੀਕਿਆਂ ਦੇ ਨਾਲ ਨਸ਼ੇ ਵਿੱਚ ਡੋਬਿਆ ਗਿਆ ਤੇ ਅੱਜ ਪੰਜਾਬ ਨਸ਼ੇ ਵਿੱਚ ਇੱਕ ਨਹੀਂ ਅਨੇਕਾਂ ਪਾਸਿਆਂ ਤੋਂ ਡੁੱਬ ਗਿਆ ਹੈ ਕੋਈ ਤਾਂ ਨਸ਼ੇ ਦੀ ਓਵਰਡੋਜ ਨਾਲ ਮਰਿਆ ਹੈ





ਕੋਈ ਨਸ਼ਾ ਨਾ ਮਿਲਣ ਕਾਰਨ ਮਰਿਆ ਹੈ ਤੇ ਕੋਈ ਵਿਅਕਤੀ ਨਸ਼ੇ ਦੇ ਸੌਦਾਗਰਾਂ ਕਰਿੰਦਿਆਂ ਦੀ ਮਾਰ ਹੇਠ ਆ ਕੇ ਮਰ ਰਿਹਾ ਹੈ।

ਹੁਣ ਤਾਂ ਹੱਦ ਹੀ ਹੋ ਗਈ ਜਦੋਂ ਨਸ਼ੇ ਦੇ ਸੌਦਾਗਰਾਂ ਉਹਨਾਂ ਦੇ ਕਰਿੰਦਿਆ ਸਾਥੀਆਂ ਨੂੰ ਏਨੀ ਖੁੱਲ ਕਿਸ ਨੇ ਦੇ ਦਿੱਤੀ ਜੋ ਉਹ ਬੰਦੇ ਮਾਰਨ ਤੋਂ ਲੈ ਕੇ ਲੋਕਾਂ ਦੇ ਘਰਾਂ ਤੱਕ ਫੂਕਣ ਲੱਗ ਗਏ। ਮੌਜੂਦਾ ਸਮੇਂ ਬਠਿੰਡਾ ਦੇ ਦਾਨ ਸਿੰਘ ਸਿੰਘ ਵਾਲਾ ਦੀ ਦਲਿਤ ਵਸਦੀ ਵਿੱਚੋਂ ਨਸ਼ਿਆਂ ਵਾਲਿਆਂ ਅਜਿਹੀ ਅੱਗ ਲਾਈ ਹੋਈ ਧੂੰਆ ਛੱਡ ਗਈ ਤੇ ਆਪਣੇ ਆਪ ਵਿੱਚ ਇਹ ਹੈਰਾਨ ਕਰਨ ਵਾਲਾ ਮਾਮਲਾ ਹੈ ਕਿ ਉੱਥੇ ਕੁਝ ਵਿਅਕਤੀ ਨਸ਼ੇ ਦਾ ਸੇਵਨ ਕਰ ਰਹੇ ਸਨ ਕੁਝ ਨਸ਼ੇ ਵੇਚ ਰਹੇ ਸਨ ਤੇ ਕੁਝ ਉਹਨਾਂ ਨੂੰ ਹਟਾਉਣ ਵਾਲਿਆਂ ਵਿੱਚ ਸਨ ਗੱਲ ਪਿੰਡ ਦੀ ਪੰਚਾਇਤ ਤੋਂ ਲੈ ਕੇ ਪੁਲਿਸ ਥਾਣੇ ਤੱਕ ਵੀ ਚਲੇ ਗਈ ਪਰ ਅਖੀਰ ਨੂੰ ਏਡਾ ਵੱਡਾ ਭਾਣਾ ਵਾਪਰ ਗਿਆ ਕਿ ਨਸ਼ੇ ਦੀ ਲੋਰ ਵਿੱਚ ਤੇ ਨਸ਼ੇ ਦੇ ਹੰਕਾਰ ਵਿੱਚ ਅੰਨ੍ਹੇ ਹੋਏ ਵਿਅਕਤੀਆਂ ਨੇ ਦਾਨ ਸਿੰਘ ਵਾਲਾ ਦੇ ਅਨੇਕਾਂ ਘਰਾਂ ਵਿੱਚ ਜਿੱਥੇ ਭੰਨ ਤੋੜ ਲੁੱਟਮਾਰ ਕੀਤੀ ਉਥੇ ਹੀ ਅਖੀਰ ਨੂੰ ਅੱਗ ਦੇ ਹਵਾਲੇ ਵੀ ਗਰੀਬ ਲੋਕਾਂ ਦੇ ਘਰ ਕਰ ਦਿੱਤੇ ਗਏ। ਪੈਟਰੋਲ ਬੰਬਾਂ ਦੇ ਮਿਲਣ ਉੱਤੇ ਹੈਰਾਨੀ ਹੋਈ ਜਿਵੇਂ ਕੋਈ ਇਹ ਜੰਗ ਦਾ ਅਖਾੜਾ ਹੋਵੇ।

ਉਸ ਤੋਂ ਵੀ ਵੱਡਾ ਦੁੱਖ ਉਸ ਵੇਲੇ ਹੋਇਆ ਜਦੋਂ ਪੰਜਾਬ ਦੇ ਮੁੱਖ ਮੰਤਰੀ ਪੰਜਾਬ ਦੇ ਰਾਜਪਾਲ ਪੰਜਾਬ ਪੁਲਿਸ ਦੇ ਡੀਜੀਪੀ ਤੇ ਹੋਰ ਪ੍ਰਮੁੱਖ ਸਰਕਾਰੀ ਅਧਿਕਾਰੀਆਂ ਨੇ ਇਸ ਸਾਰੇ ਘਟਨਾ ਕਰਮ ਉੱਪਰ ਕੋਈ ਬਹੁਤਾ ਸਖ਼ਤ ਨੋਟਿਸ ਨਹੀਂ ਲਿਆ ਚਾਹੀਦਾ ਤਾਂ ਇਹ ਸੀ ਕਿ ਪੰਜਾਬ ਦੇ ਮੁੱਖ ਮੰਤਰੀ ਡੀਜੀਪੀ ਨੂੰ ਨਾਲ ਲੈ ਕੇ ਉੱਚ ਅਫਸਰਾਂ ਦੇ ਨਾਲ ਉਨ੍ਹਾਂ ਘਰਾਂ ਦੀ ਹਾਲਤ ਦੇਖਦੇ ਉਹਨਾਂ ਦਾ ਦੁਖੜਾ ਸੁਣਦੇ ਪਰ ਨਹੀਂ ਇੱਥੇ ਅਸੀਂ ਕੁਰਸੀ ਦੀ ਲੋਰ ਵਿੱਚ ਏਨੇ ਜਿਆਦਾ ਮਸਤ ਹੋ ਗਏ ਹਾਂ ਕਿ ਲੋਕਾਂ ਤੇ ਦੁੱਖ ਸੁੱਖ ਵੀ ਨਹੀਂ ਸੁਣ ਸਕਦੇ ਤੇ ਗੱਲ ਰੰਗਲੇ ਪੰਜਾਬ ਦੀ ਹੋ ਰਹੀ ਹੈ। ਉਸ ਤੋਂ ਬਾਅਦ ਦੁੱਖ ਉਸ ਵੇਲੇ ਹੋਇਆ ਜਦੋਂ ਪੁਲਿਸ ਪ੍ਰਸ਼ਾਸਨ ਨੇ ਇਸ ਐਡੀ ਵੱਡੀ ਘਟਨਾ ਨੂੰ ਆਪਸੀ ਰੰਜਿਸ਼ ਕਹਿ ਕੇ ਹੀ ਨਿਬੇੜ ਦਿੱਤਾ ਹਾਲਾਂਕਿ ਉਥੋਂ ਦੀ ਐਸਐਸਪੀ ਅਮਨੀਤ ਕੌਂਡਲ ਇਸ ਮਾਮਲੇ ਦੇ ਵਿੱਚ ਕਾਫੀ ਸ਼ਕਤੀਸ਼ਾਲੀ ਹੈ ਪਰ ਇੱਥੇ ਉਹ ਵੀ ਬੇਵਸ ਨਜ਼ਰ ਆਈ।

ਸਭ ਤੋਂ ਵੱਡਾ ਝਟਕਾ ਇਹ ਲੱਗਿਆ ਜਦੋਂ ਉਸ ਇਲਾਕੇ ਬਠਿੰਡਾ ਮਾਨਸਾ ਤੋਂ ਇਲਾਵਾ ਪੰਜਾਬ ਦੇ ਸਮੁੱਚੇ ਲੋਕ ਵੀ ਇਸ ਘਟਨਾ ਕਰਮ ਉੱਤੇ ਚੁੱਪੀ ਧਾਰ ਗਏ। ਸਿਰਫ ਪਰਮਿੰਦਰ ਝੋਟਾ ਸੀਰਾ ਢਿੱਲੋਂ ਇਹਨਾਂ ਦੀ ਟੀਮ ਦੇ ਮੈਂਬਰ ਉਨ੍ਹਾਂ ਪਰਿਵਾਰਾਂ ਦੇ ਨਾਲ ਦੇ ਨਾਲ ਦੁੱਖ ਦਰਦ ਕਾਰਨ ਪੁੱਜੇ ਕੁਝ ਧਾਰਮਿਕ ਬਾਬਿਆਂ ਨੇ ਮੌਜੂਦਾ ਸਮੇਂ ਰਾਸ਼ਨ ਦੀ ਸੇਵਾ ਕੀਤੀ ਜਿਨਾਂ ਦੀ ਇਹਨਾਂ ਗਰੀਬ ਪਰਿਵਾਰਾਂ ਨੂੰ ਸਖਤ ਲੋੜ ਹੈ। ਮੈਨੂੰ ਸਮਝ ਨਹੀਂ ਆ ਰਹੀ ਗੱਲ ਗੱਲ ਉਤੇ ਮੋਬਾਈਲ ਕੈਮਰੇ ਲੈ ਹਰੇਕ ਥਾਂ ਜਾ ਕੇ ਵੜਨ ਵਾਲੇ ਪੱਤਰਕਾਰ ਪੌਡ ਕਾਸਟ ਜਿਹੜੇ ਵਲੋਗਰ ਕਹਾਉਂਦੇ ਨੇ, ਆਂਡਿਆਂ ਦੇ ਮੁੱਦੇ ਉੱਤੇ ਤਾਂ ਉਥੇ 70 ਬੰਦੇ ਇਕੱਠੇ ਹੋ ਗਏ ਤੇ ਇਹ ਦਾਨ ਸਿੰਘ ਪਿੰਡ ਉਹਨਾਂ ਲਈ ਕਿੱਡਾ ਕੁ ਦੂਰ ਹੋ ਗਿਆ ਇਹ ਸਾਰੀਆਂ ਗੱਲਾਂ ਤੋਂ ਜੋ ਇਸ਼ਾਰੇ ਮਿਲਦੇ ਹਨ ਉਹ ਖਤਰਨਾਕ ਹਨ ਪਰ ਨਹੀਂ ਪੰਜਾਬ ਦੇ ਲੋਕੋ ਤੁਸੀਂ ਬਹੁਤ ਦਲੇਰ ਹੋ ਅਨੇਕਾਂ ਸਮੱਸਿਆਵਾਂ ਦੇ ਨਾਲ ਜੂਝਦੇ ਹੋਏ ਅਸੀਂ ਪੰਜਾਬ ਦਾ ਝੰਡਾ ਬੁਲੰਦ ਰੱਖਿਆ ਹੈ ਤੇ ਰੱਖਣਾ ਹੈ। ਇਹ ਗੱਲ ਅੱਜ ਕੱਲੇ ਦਾਨ ਸਿੰਘ ਵਾਲਾ ਦੀ ਨਹੀਂ ਇਹ ਕੰਮ ਸਮੁੱਚੇ ਪਿੰਡਾਂ ਵਿੱਚ ਹੋ ਰਿਹਾ ਹੈ ਜੇਕਰ ਅਸੀਂ ਹਾਲੇ ਵੀ ਨਾ ਜਾਗੇ ਫਿਰ ਕੌਣ ਬਚਾਏਗਾ।

# ਜਿਲ੍ਹਾ ਨਸ਼ਾ ਮੁਕਤੀ ਮੁੜ ਵਸੇਬਾ ਕੇਂਦਰ ਹੁਸ਼ਿਆਰਪੁਰ ਵਿਖੇ ਸ਼੍ਰੀ ਸੁਖਮਨੀ ਸਾਹਿਬ ਦੇ ਭੋਗ ਪਾ ਕੇ ਲੋਹੜੀ ਦਾ ਤਿਉਹਾਰ ਮਨਾਇਆ

**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)** ਜਿਲ੍ਹਾ ਨਸ਼ਾ ਮੁਕਤੀ ਮੁੜ ਵਸੇਬਾ ਕੇਂਦਰ ਹੁਸ਼ਿਆਰਪੁਰ ਵਿਖੇ ਸ਼੍ਰੀ ਸੁਖਮਨੀ ਸਾਹਿਬ ਦੇ ਭੋਗ ਪਾਏ ਗਏ ਅਤੇ ਲੋਹੜੀ ਦਾ ਤਿਉਹਾਰ ਮਨਾਇਆ ਗਿਆ। ਜਿਸ ਵਿੱਚ ਮਾਨਯੋਗ ਵਿਧਾਇਕ ਹਲਕਾ ਚੱਬੇਵਾਲ ਡਾ। ਇਸ਼ਾਕ ਚੱਬੇਵਾਲ ਮੁੱਖ ਮਹਿਮਾਨ ਦੇ ਤੌਰ ਤੇ ਸ਼ਾਮਿਲ ਹੋਏ। ਇਸ ਦੌਰਾਨ ਡਾ। ਪਵਨ ਕੁਮਾਰ ਸ਼ਗੋਤਰਾ ਸਿਵਲ ਸਰਜਨ ਹੁਸ਼ਿਆਰਪੁਰ, ਡਾ। ਹਰਬੰਸ ਕੌਰ ਡਿਪਟੀ ਮੈਡੀਕਲ ਕਮਿਸ਼ਨਰ, ਸ਼੍ਰੀ ਰਿਸ਼ਵ ਅਰੋੜਾ ਸੰਯੁਕਤ ਸਕੱਤਰ ਭਾਰਤ ਸਰਕਾਰ ਵਿਸ਼ੇਸ਼ ਤੌਰ ਤੇ ਹਾਜ਼ਿਰ ਹੋਏ। ਇਹ



ਪ੍ਰੋਗਰਾਮ ਡਾ। ਮਹਿਮਾ ਮਨਹਾਸ ਮੈਡੀਕਲ ਅਫ਼ਸਰ ਜਿਲ੍ਹਾ ਨਸ਼ਾ ਮੁਕਤੀ ਮੁੜ ਵਸੇਬਾ ਕੇਂਦਰ ਹੁਸ਼ਿਆਰਪੁਰ ਦੀ ਅਗਵਾਈ ਹੇਠ ਆਯੋਜਿਤ ਕੀਤਾ ਗਿਆ। ਇਸ ਮੌਕੇ ਡਾ। ਇਸ਼ਾਕ ਚੱਬੇਵਾਲ ਵਿਧਾਇਕ ਨੇ ਸਾਰੇ ਸਟਾਫ਼ ਤੇ ਮਰੀਜ਼ਾ ਨੂੰ ਨਵੇਂ ਸਾਲ ਅਤੇ ਲੋਹੜੀ ਦੀਆਂ ਮੁਬਾਰਕਾਂ ਦਿੱਤੀਆਂ ਤੇ ਇਲਾਜ਼ ਅਧੀਨ ਮਰੀਜ਼ਾਂ ਨੂੰ ਨਸ਼ਾ ਮੁਕਤ ਰਹਿਣ ਲਈ ਪ੍ਰੇਰਿਤ ਕੀਤਾ। ਸਮਾਗਮ ਦੌਰਾਨ ਡਾ। ਪਵਨ ਕੁਮਾਰ ਸਿਵਲ ਸਰਜਨ ਹੁਸ਼ਿਆਰਪੁਰ ਨੇ ਸਭ ਨੂੰ ਲੋਹੜੀ ਦੀਆਂ ਮੁਬਾਰਕਾਂ ਦਿੱਤੀਆਂ। ਇਸ ਮੌਕੇ ਤੇ ਸ਼੍ਰੀਮਤੀ ਨਿਸ਼ਾ ਰਾਣੀ ਮੈਨੇਜਰ, ਪ੍ਰਸ਼ਾਂਤ ਆਦਿਆ ਕਾਉਂਸਲਰ, ਰਜਵਿੰਦਰ ਕੌਰ,ਕਾਉਂਸਲਰ, ਤਾਨੀਆ ਵੋਹਰਾ ਕਾਉਂਸਲਰ, ਰਜਵਿੰਦਰ ਕੌਰ , ਪ੍ਰਿੰਸ, ਗੁਰਸਿਮਰਨ ਸਿੰਘ, ਲਵਦੀਪ, ਰਾਜਵਿੰਦਰ ਕੌਰ, ਸਟਾਫ਼ ਨਰਸ, ਹਰੀਸ਼ ਕੁਮਾਰੀ, ਸੰਦੀਪ ਪਾਲ, ਆਦਿ ਹਾਜ਼ਿਰ ਸਨ।

# ਢੋਲ ਦੇ ਡਗੇ 'ਤੇ ਲੋਹੜੀ ਦੇ ਗੀਤਾਂ ਨਾਲ ਗੂੰਜਿਆ ਤਹਿਸੀਲ ਕੰਪਲੈਕਸ ਨਵਾਂਸ਼ਹਿਰ

**ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)** ਤਹਿਸੀਲ ਕੰਪਲੈਕਸ ਨਵਾਂਸ਼ਹਿਰ ਵਿਖੇ ਅੱਜ ਵਧੀਕ ਡਿਪਟੀ ਕਮਿਸ਼ਨਰ (ਵਿਕਾਸ) ਅਵਨੀਤ ਕੌਰ ਅਤੇ ਐਸ।ਡੀ।ਐਮ ਡਾ। ਅਕਸ਼ਿਤਾ ਗੁਪਤਾ ਦੀ ਅਗਵਾਈ ਹੇਠ ਧੀਆਂ ਦੀ ਲੋਹੜੀ ਮਨਾਈ ਗਈ। ਐਸ।ਡੀ।ਐਮ ਅਤੇ ਤਹਿਸੀਲ ਦਫਤਰ ਵੱਲੋਂ ਸਾਂਝੇ ਤੌਰ 'ਤੇ ਕਰਵਾਏ ਇਸ ਸਮਾਗਮ ਦੌਰਾਨ ਪੰਜਾਬ ਤਕਨੀਕੀ ਸਿੱਖਿਆ ਬੋਰਡ ਦੇ ਉੱਪ ਚੇਅਰਮੈਨ ਲਲਿਤ ਮੋਹਨ ਪਾਠਕ ਨੇ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ ਜਦਕਿ ਦੋਹਾਂ ਦਫ਼ਤਰਾਂ ਦੇ ਸਟਾਫ਼ ਤੋਂ ਇਲਾਵਾ ਡਿਪਟੀ ਕਮਿਸ਼ਨਰ ਦਫਤਰ, ਸੇਵਾ ਕੇਂਦਰ ਅਤੇ ਹੋਰਨਾਂ ਵਿਭਾਗਾਂ ਦਾ ਸਟਾਫ ਵੀ ਮੌਜੂਦ ਰਿਹਾ।

ਇਸ ਮੌਕੇ ਲਲਿਤ ਮੋਹਨ ਪਾਠਕ ਨੇ ਕਿਹਾ ਕਿ ਅੱਜ ਲੜਕੀਆਂ ਕਿਸੇ ਵੀ ਪੱਖੋਂ ਘੱਟ ਨਹੀਂ ਹਨ ਅਤੇ ਉਹ ਸਮਾਜ ਦੇ ਹਰ ਖੇਤਰ ਵਿਚ ਸਫਲਤਾਪੂਰਵਕ ਨੁਮਾਇੰਦਗੀ ਕਰ ਰਹੀਆਂ ਹਨ। ਇਸ ਲਈ



ਲੋਕਾਂ ਨੂੰ ਕੰਨਿਆ ਭਰੂਣ ਹੱਤਿਆ ਵਰਗੀ ਗ਼ਲਤ ਸੋਚ ਨੂੰ ਤਿਆਗ ਕੇ ਲੜਕੀਆਂ ਦਾ ਸਤਿਕਾਰ ਕਰਨਾ ਚਾਹੀਦਾ ਹੈ। ਵਧੀਕ ਡਿਪਟੀ ਕਮਿਸ਼ਨਰ (ਵਿਕਾਸ) ਅਵਨੀਤ ਕੌਰ ਨੇ ਇਸ ਮੌਕੇ ਕਿਹਾ ਕਿ ਮਹਿਲਾ ਸਸ਼ਕਤੀਕਰਨ ਤਾਂ ਹੀ ਸੰਭਵ ਹੋ ਸਕਦਾ ਹੈ, ਜਦ ਲੜਕੀਆਂ ਪੜ੍ਹਾਈ ਕਰਕੇ ਆਪਣਾ ਵਿਕਾਸ ਕਰਨ ਅਤੇ ਆਰਥਿਕ ਤੌਰ 'ਤੇ ਆਜ਼ਾਦ ਹੋ ਕੇ ਸਮਾਜ ਵਿਚ ਸਿਰ ਉਠਾ ਕੇ ਜਿਉਣ। ਇਸੇ ਤਰ੍ਹਾਂ ਹੋਰਨਾਂ ਬੁਲਾਰਿਆਂ ਨੇ ਵੀ ਧੀਆਂ ਨੂੰ ਪੁੱਤਰਾਂ ਵਾਂਗ ਪਿਆਰ ਅਤੇ ਅੱਗੇ ਵੱਧਣ ਦੇ ਮੌਕੇ ਦੇਣ ਦਾ ਸੱਦਾ ਦਿੱਤਾ। ਇਸ ਦੌਰਾਨ ਮੂੰਗਫਲੀ ਤੇ ਰਿਓੜੀਆਂ ਦੀ ਮਹਿਕ ਵਿਚ ਲੋਹੜੀ ਬਾਲ ਕੇ ਸਮਾਰੋਹ ਦੀ ਰਵਾਇਤੀ ਢੰਗ ਨਾਲ ਸ਼ੁਰੂਆਤ ਕੀਤੀ ਗਈ ਅਤੇ ਢੋਲ ਦੇ ਡਗੇ 'ਤੇ ਪਏ ਗਿੱਧੇ-ਭੰਗੜੇ ਅਤੇ ਲੋਹੜੀ ਦੇ ਗੀਤਾਂ ਨੇ ਪੂਰਾ ਤਹਿਸੀਲ ਕੰਪਲੈਕਸ ਗੂੰਜਾ ਦਿੱਤਾ। ਇਸ ਮੌਕੇ ਨਵਜੰਮੀਆਂ ਬੱਚੀਆਂ ਅਤੇ ਉਨ੍ਹਾਂ ਦੀਆਂ ਮਾਵਾਂ ਨੂੰ ਤੋਹਫ਼ੇ ਵੀ ਦਿੱਤੇ ਗਏ। ਸੀਨੀਅਰ ਕੌਂਸਲਰ ਚੇਤ ਰਾਮ ਰਤਨ ਵੱਲੋਂ ਇਸ ਸਮਾਗਮ ਵਿਚ ਵਿਸ਼ੇਸ਼ ਯੋਗਦਾਨ ਪਾਇਆ ਗਿਆ। ਇਸ ਮੌਕੇ ਜ਼ਿਲ੍ਹਾ ਮਾਲ ਅਫਸਰ ਮਨਦੀਪ ਸਿੰਘ ਮਾਨ, ਤਹਿਸੀਲਦਾਰ ਨਵਾਂਸ਼ਹਿਰ ਪਰਵੀਨ ਛਿੱਬਰ, ਨਾਇਬ ਤਹਿਸੀਲਦਾਰ ਵਿਜੇ ਕੁਮਾਰ, ਗੁੱਡ ਗਵਰਨੈਂਸ ਫੈਲੋ ਅਸਮਿਤਾ ਪਰਮਾਰ, ਸੁਪਰਡੈਂਟ ਹਰਵਿੰਦਰ ਸਿੰਘ, ਸੁਪਰਡੈਂਟ ਬਹਾਦਰ ਸਿੰਘ, ਪੀ।ਏ-ਟੂ-ਡੀ।ਸੀ ਜਸਬੀਰ ਸਿੰਘ ਤੋਂ ਇਲਾਵਾ ਹੋਰ ਪਤਵੰਤੇ ਹਾਜ਼ਰ ਸਨ।

# ਆਂਗਣਵਾੜੀ ਸੈਂਟਰ ਵਿਕਾਸ ਨਗਰ-1 ਨੇ ਰੈਡ ਕ੍ਰਾਸ ਦੇ ਸਹਿਯੋਗ ਨਾਲ ਮਨਾਈ ਧੀਆਂ ਦੀ ਲੋਹੜੀ

## ਅੱਜ ਦੇ ਜ਼ਮਾਨੇ ਵਿਚ ਕੁੜੀਆਂ ਤੇ ਮੁੰਡਿਆਂ ਵਿਚ ਕੋਈ ਫ਼ਰਕ ਨਹੀਂ ਰਿਹਾ - ਦਵਿੰਦਰ ਕੌਰ

**ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)** ਅੱਜ ਦੇ ਜ਼ਮਾਨੇ ਵਿਚ ਕੁੜੀਆਂ ਤੇ ਮੁੰਡਿਆਂ ਵਿਚ ਕੋਈ ਫ਼ਰਕ ਨਹੀਂ ਰਿਹਾ, ਸਗੋਂ ਕਈ ਖੇਤਰਾਂ ਵਿਚ ਤਾਂ ਕੁੜੀਆਂ ਮੁੰਡਿਆਂ ਨਾਲੋਂ ਵੀ ਅੱਗੇ ਲੰਘ ਗਈਆਂ ਹਨ। ਕੁੜੀਆਂ ਅਪਣੀ ਮਿਹਨਤ, ਸਵੈ-ਵਿਸ਼ਵਾਸ ਤੇ ਦ੍ਰਿੜ ਇਰਾਦੇ ਨਾਲ ਅੱਜ ਹਰ ਖੇਤਰ ਵਿਚ ਮੁੰਡਿਆਂ ਦਾ ਮੁਕਾਬਲਾ ਕਰ ਰਹੀਆਂ ਹਨ। ਕੋਈ ਵੀ ਖੇਤਰ ਅਜਿਹਾ ਨਹੀਂ ਬਚਿਆ ਜਿਥੇ ਕੁੜੀਆਂ ਨੇ ਮੱਲ੍ਹਾਂ ਨਾ ਮਾਰੀਆਂ ਹੋਣ। ਇਹ ਸ਼ਬਦ ਸੀ।ਡੀ।ਪੀ।ਓ ਨਵਾਂਸ਼ਹਿਰ ਦਵਿੰਦਰ ਕੌਰ ਨੇ ਅੱਜ ਆਂਗਣਵਾੜੀ ਸੈਂਟਰ, ਵਿਕਾਸ ਨਗਰ-1, ਸਰਕਲ ਕੁਲਾਮ ਵੱਲੋਂ ਜ਼ਿਲ੍ਹਾ ਰੈਡ ਕ੍ਰਾਸ ਸੋਸਾਇਟੀ ਦੇ ਸਹਿਯੋਗ ਨਾਲ 15 ਧੀਆਂ ਦੀ ਲੋਹੜੀ ਪਾਉਣ ਲਈ ਕਰਵਾਏ ਸਮਾਗਮ ਮੌਕੇ ਕਹੇ। ਉਨ੍ਹਾਂ ਕਿਹਾ ਕਿ ਜ਼ਮਾਨਾ ਬਦਲ ਰਿਹਾ ਹੈ ਅਤੇ ਕੁੜੀਆਂ ਨੂੰ ਕੁੱਖਾਂ ਵਿਚ ਕਤਲ ਕਰਨ ਵਾਲੇ ਪਰਿਵਾਰਾਂ ਨੂੰ ਵੀ



ਅਪਣੀ ਸੋਚ ਬਦਲਣ ਦੀ ਲੋੜ ਹੈ। ਇਸ ਮੌਕੇ ਨਵਜੰਮੀਆਂ 15 ਬੱਚੀਆਂ ਅਤੇ ਉਨ੍ਹਾਂ ਦੀਆਂ ਮਾਵਾਂ ਨੂੰ ਤੋਹਫ਼ੇ ਦੇ ਕੇ ਸਨਮਾਨਿਤ ਕੀਤਾ ਗਿਆ ਅਤੇ ਲੋਹੜੀ ਦੀਆਂ ਖੁਸ਼ੀਆਂ ਮਨਾਈਆਂ ਗਈਆਂ। ਇਸ ਮੌਕੇ ਸੁਪਰਵਾਈਜ਼ਰ ਬਿਮਲਾ ਦੇਵੀ, ਅਮਰਜੀਤ ਕੌਰ, ਆਂਗਣਵਾੜੀ ਵਰਕਰ ਯੂਨੀਅਨ ਦੀ ਪ੍ਰਧਾਨ ਲਖਵਿੰਦਰ ਕੌਰ, ਆਂਗਣਵਾੜੀ ਵਰਕਰ ਹਰਜੀਤ ਕੌਰ ਅਤੇ ਹੋਰ ਹਾਜ਼ਰ ਸਨ।

# ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ ਇਤਿਹਾਸ ਵਾਰੇ ਵਿੱਚ ਟੈਸਟ ਹੋਵੇਗਾ : ਚਰਨਜੀਤ ਸੱਲ੍ਹਾ

**ਬੰਗਾ (ਚਰਨਜੀਤ ਸੱਲ੍ਹਾ )** ਜੈ ਭੀਮ ਜੀ। ਧੰਨ ਧੰਨ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਜੈ ਭਾਰਤ। ਬੇਨਤੀ ਇਹ ਹੈ ਕਿ ਆਪਣੇ ਮਹਾਂਪੁਰਸ਼ਾਂ ਦਾ ਅਸਲੀ ਇਤਿਹਾਸ ਜਾਨਣ ਦੀ ਲੋੜ ਹੈ ਜਿਸ ਲਈ ਮੈਂ ਕੁਝ ਕਿਤਾਬਾਂ ਵੰਡੀਆਂ ਹਨ ਤਾਂ ਕਿ ਗੁਰੂ ਰਵਿਦਾਸ ਮਹਾਰਾਜ ਜੀ ਦਾ ਪੂਰਨ ਇਤਿਹਾਸ ਸੰਗਤਾਂ ਨੂੰ ਖ਼ਾਸ ਕਰਕੇ ਬੱਚਿਆਂ ਨੂੰ ਪਤਾ ਹੋਣਾ ਚਾਹੀਦਾ ਹੈ ਕਿ ਗੁਰੂ ਰਵਿਦਾਸ ਮਹਾਰਾਜ ਜੀ ਕੀ ਕਰਨਾ ਚਾਹੁੰਦੇ ਸਨ, ਉਨ੍ਹਾਂ ਦਾ ਸਪਨਾ ਕੀ ਸੀ, ਉਨ੍ਹਾਂ ਨੇ ਬਾਣੀ ਵਿੱਚ ਕੀ ਲਿਖਿਆ ਪਰ



ਅਸੀਂ ਮੰਨੀ ਕੁਝ ਹੋਰ ਹੀ ਜਾਂਦੇ ਹਾਂ ਮੈਂ ਇਸ ਲਈ ਅੱਜ ਮਾਘੀ ਦੇ ਤੇ ਸੰਗਰਾਂਦ ਦੇ ਮੌਕੇ ਤੇ ਆਪਣੇ ਪਿੰਡ ਸੱਲ੍ਹ ਕਲਾਂ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ ਜਨਮ ਦਿਨ ਮੌਕੇ ਤੇ ਇੱਕ ਟੈਸਟ ਲਵਾਂਗਾ ਜਿਸ ਵਿੱਚ ਗੁਰੂ ਰਵਿਦਾਸ ਮਹਾਰਾਜ ਜੀ ਵਾਰੇ ਪ੍ਰਸ਼ਨ ਪੁੱਛੇ ਜਾਣਗੇ ਜਿਹੜਾ ਵਿਅਕਤੀ ਜਾਂ ਕੋਈ ਬੱਚਾ ਸਹੀ ਉੱਤਰ ਦੇਵੇਗਾ ਉਸ ਨੂੰ ਕੁਝ ਨਾ ਕੁਝ ਇਨਾਂਮ ਦਿੱਤਾ ਜਾਵੇਗਾ। ਜੇਕਰ ਕਿਸੇ ਵੀ ਵਿਅਕਤੀ ਨੂੰ ਕੋਈ ਵੀ ਕਿਤਾਬ ਚਾਹੀਦੀ ਹੋਵੇਗੀ ਤਾਂ ਮੈਂ ਉਹ ਕਿਤਾਬ ਦੇਵਾਂਗਾ,ਬੱਸ ਤੁਸੀਂ ਸੱਚਾ ਗਿਆਨ ਜਾਣਨ ਦੀ ਕੋਸ਼ਿਸ਼ ਕਰੋ। ਅਪਣੇ ਜੀਵਨ ਵਿੱਚ ਬਾਬਾ ਸਾਹਿਬ ਵਾਂਗ ਕੁਝ ਨਾ ਕੁਝ ਜਾਣਨ ਅਤੇ ਕੁਝ ਬਣਨ ਦੀ ਕੋਸ਼ਿਸ਼ ਕਰੋ ਜੀ।

**ਤੁਹਾਡਾ ਆਪਣਾ ਚਰਨਜੀਤ ਸੱਲ੍ਹਾ 8146091035**

## ਗੱਲ ਬੇਗਮਪੁਰੇ ਦੀ"12 ਕਲਾਕਾਰਾਂ ਦੀਆਂ ਸੁਰੀਲੀਆਂ ਅਵਾਜ਼ਾਂ ਵਿੱਚ ਗਾਏ ਅਮਰਜੀਤ ਬੇਗਮਪੁਰੀ ਜੀ ਦੇ ਲਿਖੇ ਸਿੰਗਲ ਟ੍ਰੈਕ ਗੀਤ ਨੂੰ ਮਿਲ ਰਿਹਾ ਹੈ ਭੰਰਵਾ ਹੰਗਾਰਾ

**ਬੰਗਾ( ਚਰਨਜੀਤ ਸੱਲ੍ਹਾ )** ਧੰਨ-ਧੰਨ ਸਤਿਗੁਰੂ ਰਵਿਦਾਸ ਮਹਾਰਾਜ ਜੀ ਦੇ 648ਵੇਂ ਪ੍ਰਕਾਸ਼ ਪੂਰਬ ਨੂੰ ਸਮਰਪਿਤ ਸੁਰ-ਸੰਗੀਤ ਸੰਸਥਾ ਦੋਆਬਾ ਬੰਗਾ, ਆਰ।ਐਮ।ਟੂ ਮਿਊਜਕ ਕੰਪਨੀ, ਮੇਲਾ ਇੰਟਰਟੇਨਰਜ਼ ਕੰਪਨੀ ਕਨੇਡਾ ਅਤੇ ਪ੍ਰੋਡਿਊਸਰ ਸ੍ਰੀ ਬਿੱਲ ਬਸਰਾ ਕਨੇਡਾ ਜੀ ਤੇ ਪ੍ਰਸਿੱਧ ਗੀਤਕਾਰ ਅਮਰਜੀਤ ਬੇਗਮਪੁਰੀ ਕਨੇਡਾ ਜੀ ਵੱਲੋਂ ਪੇਸ਼ ਕੀਤੇ ਕ੍ਰਾਂਤੀਕਾਰੀ ਗੀਤ "ਗੱਲ ਬੇਗਮਪੁਰੇ ਦੀ"ਨੂੰ ਦੇਸ਼ ਵਿਦੇਸ਼ ਵਿੱਚ ਵੱਸਦੀਆਂ ਸਮੂਹ ਸੰਗਤਾਂ ਵੱਲੋਂ ਬਹੁਤ ਹੀ ਭੰਰਵਾ ਹੰਗਾਰਾ ਮਿਲ ਰਿਹਾ ਹੈ ਇਸ ਗੀਤ ਨੂੰ ਮਿਊਜਕ ਡਾਇਰੈਕਟਰ ਬੀ।ਆਰ।ਡਿਮਾਣਾ ਤੇ ਆਰ।ਡੀ।ਬੁਆਏ ਦੇ ਸੰਗੀਤ ਵਿੱਚ ਸਿੰਗਾਰਿਆ ਗਿਆ ਹੈ ਧਾਰਮਿਕ ਗੀਤ ਗੱਲ ਬੇਗਮਪੁਰੇ ਦੀ ਨੂੰ ਆਪਣੀਆ ਸੁਰੀਲੀਆਂ ਤੇ ਬਲੁੰਦ ਅਵਾਜ਼ਾਂ ਵਿੱਚ ਗਾਇਆ ਹੈ ਗਾਇਕ ਰਾਜ




ਦਦਰਾਲ,ਨਿਰਮਲ ਨਿੰਮਾ,ਜਗਦੀਸ਼ ਜਾਡਲਾ,ਹਰਦੀਪ ਦੀਪਾ,ਦਵਿੰਦਰ ਰੂਹੀ,ਹਰਦੀਪ ਬੱਲ,ਦੀਪ ਅਲਾਚੌਰੀਆ, ਆਰ।ਡੀ।ਸਾਗਰ,ਲੱਕੀ ਹਿਆਲਾ,ਰਵਿਜੈ ਜਾਡਲਾ,ਦਵਿੰਦਰ ਬੀਸਲਾ,ਅਤੇ ਰਾਜ ਮਨਰਾਜ ਜੀ ਨੇ ਹਿਮਾਚਲ ਦੀਆਂ ਵੱਖ-ਵੱਖ ਲਕੋਸ਼ਨਾ ਤੇ ਡਾਇਰੈਕਟਰ ਧਰਮਵੀਰ ਡੀ।ਜੀ।ਸਟਾਰ ਵੱਲੋਂ ਵੀਡੀਓ ਬੜੇ ਖੂਬਸੂਰਤ ਤਰੀਕੇ ਨਾਲ ਤਿਆਰ ਕੀਤੀ ਗਈ ਹੈ ਮਿਸ਼ਨਰੀ ਸਾਥੀ ਧਰਮਪਾਲ ਕਲੇਰ ਜਰਮਨੀ,ਅਜੇ ਸਰਬ ਗਾਟੂ ਓ, ਮਾ:ਮੱਖਣ ਬਖਲੌਰ ਜੀ ਦੇ ਨਿੱਘੇ ਸਹਿਯੋਗ ਨਾਲ ਤਿਆਰ ਕੀਤੇ ਇਸ ਗੁੱਲਦੱਸਤੇ ਨੂੰ ਆਰ ਐਮ ਟੂ ਮਿਊਜਕ ਕੰਪਨੀ ਦੇ ਪ੍ਰੋਡਿਊਸਰ ਸ੍ਰੀ ਰਾਜ ਦਦਰਾਲ ਵੱਲੋਂ ਯੂ-ਟਿਊਬ ਤੇ ਰਲੀਜ ਕਰ ਦਿੱਤਾ ਗਿਆ ਸੀ ਸਮਾਜ ਨੂੰ ਚੰਗੀ ਸੇਧ ਦੇਣ ਵਾਲੇ ਭਾਈਚਾਰਕ ਸਾਂਝ ਬਣਾਉਣ ਵਲੇ"ਗੱਲ ਬੇਗਮਪੁਰੇ ਦੀ"ਗੀਤ ਨੂੰ ਹਰ ਵਰਗ ਵੱਲੋਂ ਵਧਾਈਆਂ ਮਿਲ ਰਹੀਆਂ ਹਨ ਸਾਰੀ ਟੀਮ ਵਧਾਈ ਦੀ ਪਾਤਰ ਹੈ

# ਮੇਲੇ ਵਿੱਚ ਗਜਰੇਲੇ ਅਤੇ ਚਾਹ ਦੇ ਲੰਗਰ ਲਗਾਏ ਗਏ – ਅਮਰਜੀਤ ਕਰਨਾਣਾ

**ਬੰਗਾ (ਚਰਨਜੀਤ ਸੱਲ੍ਹਾ)**:-ਪਿੰਡ ਕਰਨਾਣਾ ਦੇ ਪਵਿੱਤਰ ਦਰਬਾਰ ਦਾਤਾ ਮੀਆਂ ਸਾਹਿਬ ਵਿਖੇ 25ਵਾਂ ਸਲਾਨਾ ਜੋੜ ਮੇਲਾ ਸ਼ੁਰੂ ਹੋ ਗਿਆ ਹੈ। ਇਸ ਮੌਕੇ ਤੇ ਅਮਰਜੀਤ ਸਿੰਘ ਕਰਨਾਣਾ ਪ੍ਰਦੇਸ਼ ਪ੍ਰਧਾਨ ਸ਼ਹੀਦ ਭਗਤ ਸਿੰਘ ਵੈਲਫੇਅਰ ਅਤੇ ਕਲਚਰਲ ਸੋਸਾਇਟੀ ਪੰਜਾਬ ਦੀ ਯੋਗ ਅਗਵਾਈ ਵਿੱਚ ਸ਼ੋਭਾ ਯਾਤਰਾ ਵਿੱਚ ਆਈਆਂ ਸੰਗਤਾਂ ਲਈ ਗਜਰੇਲਾ ਅਤੇ ਚਾਹ ਦੇ ਲੰਗਰ ਲਗਾਏ ਗਏ। ਲੰਗਰ ਦੀ ਅਰਦਾਸ ਗੱਦੀ ਨਸ਼ੀਨ ਸਾਈ ਬਿੱਲੇ ਸ਼ਾਹ ਨੇ ਕੀਤੀ ਅਤੇ ਦਾਤਾ ਮੀਆਂ ਸਾਹਿਬ ਜੀ ਦੇ ਦਰਬਾਰ ਤੇ ਭੋਗ



ਲਗਾਏ ਗਏ। ਇਸ ਉਪਰੰਤ ਗਜਰੇਲਾ ਅਤੇ ਚਾਹ ਦਾ ਲੰਗਰ ਸੰਗਤਾਂ ਵਿੱਚ ਅਤੁੱਟ ਵਰਤਾਇਆ ਗਿਆ। ਇਸ ਮੌਕੇ ਜਿੱਥੇ ਅਮਰਜੀਤ ਕਰਨਾਣਾ ਨੇ



ਸੰਗਤਾਂ ਨੂੰ ਮੇਲੇ ਦੀ ਵਧਾਈ ਦਿੱਤੀ ਉੱਥੇ ਉਹਨਾਂ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਇਹਨਾਂ ਲੰਗਰਾਂ ਦੀ ਸੇਵਾ ਮਾਤਾ ਪਰਮਜੀਤ ਕੌਰ ਦੀ ਲਾਡਲੀ ਬੇਟੀ ਗੁਰਪ੍ਰੀਤ ਕੌਰ ਕਨੇਡਾ ਨਿਵਾਸੀ ਨੇ ਕੀਤੀ ਹੈ। ਉਹਨਾਂ ਕਿਹਾ ਕਿ ਉਹ ਸਮੇਂ ਸਮੇਂ ਤੇ ਜਰੂਰਤਮੰਦ ਲੋਕਾਂ ਦੀ ਅਤੇ ਜਰੂਰਤਮੰਦ ਬੱਚਿਆਂ ਦੀ ਵੀ ਸਹਾਇਤਾ ਕਰਦੇ ਰਹਿੰਦੇ ਹਨ। ਇਸ ਮੌਕੇ ਸਰਪੰਚ ਲਖਵਿੰਦਰ ਕੌਰ, ਕੇਵਲ ਪ੍ਰਦੇਸੀ, ਰਾਕੇਸ਼ ਕੁਮਾਰ ਉਪ ਚੇਅਰਮੈਨ ਜ਼ਿਲ੍ਹਾ ਪ੍ਰੀਸ਼ਦ, ਨੰਬਰਦਾਰ ਅਵਤਾਰ ਸਿੰਘ, ਹਰਕਮਲ ਸਿੰਘ, ਰਾਜਵਿੰਦਰ ਲਾਖਾ, ਮਾਸਟਰ ਜਸਵੀਰ ਸਿੰਘ ਧੀਰ, ਸਰਬਜੀਤ ਕਰਨਾਣਾ, ਓਮ ਪ੍ਰਕਾਸ਼ ਲਾਖਾ, ਦੀਪ ਪਰਿਹਾਰ, ਚੰਦਰ ਪ੍ਰਕਾਸ਼ ਬਿੱਟੂ, ਗਗਨਦੀਪ ਸਿੰਘ , ਰੇਨੂ ਬਾਲਾ, ਪਰਮਜੀਤ ਕੌਰ, ਰਣਜੀਤ ਕੌਰ ਆਦਿ ਵੀ ਹਾਜ਼ਰ ਸਨ।

# ਕੌਮੀ ਖੇਤੀ ਨੀਤੀਆਂ ਦੇ ਖਰੜੇ ਦੀਆਂ ਕਾਪੀਆਂ ਸਾੜ ਕੇ ਕੇਂਦਰ ਸਰਕਾਰ ਖ਼ਿਲਾਫ਼ ਕੀਤਾ ਜ਼ੋਰਦਾਰ ਪ੍ਰਦਰਸ਼ਨ

**ਗੜ੍ਹਸ਼ੰਕਰ (ਬਲਵੀਰ ਚੌਪੜਾ )- ਸੰਯੁਕਤ** ਕਿਸਾਨ ਮੋਰਚੇ ਦੇ ਸੱਦੇ ਤੇ ਅੱਜ ਗੜ੍ਹਸ਼ੰਕਰ ਵਿਖੇ ਕੁਲ ਹਿੰਦ ਕਿਸਾਨ ਸਭਾ ਦੇ ਚੌਧਰੀ ਅੱਛਰ ਸਿੰਘ ਬਿਲੜੋ, ਕਿਰਤੀ ਕਿਸਾਨ ਸਭਾ ਦੇ ਮਾਸਟਰ ਹੰਸ ਰਾਜ, ਜਮੂਹਰੀ ਕਿਸਾਨ ਸਭਾ ਦੇ ਰਾਮਜੀ ਦਾਸ ਚੌਹਾਨ ਵੱਲੋਂ ਕੇਂਦਰ ਸਰਕਾਰ ਵੱਲੋਂ ਜਾਰੀ ਕੀਤੇ ਕੌਮੀ ਖੇਤੀ ਮਾਰਕੀਟਿੰਗ ਨੀਤੀਆਂ ਦੇ ਖਰੜੇ ਦੀਆਂ ਕਾਪੀਆਂ ਸਾੜੀਆਂ ਗਈਆਂ। ਇਸ ਮੌਕੇ ਵੱਖ-ਵੱਖ ਬੁਲਾਰਿਆਂ ਨੇ ਕਿਹਾ ਕਿ ਕੇਂਦਰ ਸਰਕਾਰ ਦੀਆਂ ਕੌਮੀ ਖੇਤੀ ਨੀਤੀਆਂ ਦੇ ਖਰੜੇ ਦੀਆਂ ਕਾਪੀਆਂ ਜ਼ੋ ਕਿ ਕੇਂਦਰ ਸਰਕਾਰ ਨੇ ਵੱਖ-ਵੱਖ ਸੂਬਿਆਂ ਨੂੰ ਪਾਸ ਕਰਨ ਲਈ ਭੇਜਿਆ ਹਨ। ਉਨ੍ਹਾਂ ਕਾਪੀਆਂ ਨੂੰ ਸਾੜ ਕੇ ਕੇਂਦਰ ਸਰਕਾਰ ਖ਼ਿਲਾਫ਼ ਜ਼ੋਰਦਾਰ ਪ੍ਰਦਰਸ਼ਨ ਕੀਤਾ ਗਿਆ। ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਕਿਸਾਨ ਜਥੇਬੰਦੀਆਂ ਵੱਲੋਂ ਰੱਦ ਕਰਵਾਏ ਤਿੰਨ ਕਾਲੇ ਕਾਨੂੰਨਾਂ ਨੂੰ ਇਸ ਖਰੜੇ ਰਾਹੀਂ ਲਾਗੂ ਕਰਵਾਉਣਾ ਚਾਹੁੰਦੀ ਹੈ। ਜਿਸ ਨੂੰ ਕਿਸੇ ਵੀ ਕੀਮਤ ਤੇ ਕਿਸਮ ਜਥੇਬੰਦੀਆਂ ਲਾਗੂ ਨਹੀਂ ਹੋਣ ਦੇਣਗੀਆਂ। ਉਨ੍ਹਾਂ ਕਿਹਾ ਕੇਂਦਰ ਸਰਕਾਰ ਐਮ।ਐਸ।ਪੀ ਦੀ ਕਾਨੂੰਨੀ



ਗਰੰਟੀ ਦੇਵੇ ਅਤੇ ਪੰਜਾਬ ਸਰਕਾਰ ਪੰਜਾਬ ਵਿਧਾਨ ਸਭਾ ਦਾ ਸਪੈਸ਼ਲ ਸੈਸ਼ਨ ਬੁਲਾ ਕੇ ਇਸ ਖਰੜੇ ਨੂੰ ਰੱਦ ਕਰੇ। ਇਸ ਮੌਕੇ ਦਰਸ਼ਨ ਸਿੰਘ ਮੱਟੂ, ਬੀਬੀ ਸੁਭਾਸ਼ ਮੱਟੂ, ਮਹਿੰਦਰ ਕੁਮਾਰ ਬੱਡੋਆਣ, ਸ਼ੇਰ ਜੰਗ ਬਹਾਦਰ ਸਿੰਘ, ਇਕਬਾਲ ਸਿੰਘ, ਹਰਮੇਸ਼ ਸਿੰਘ ਢੇਸੀ, ਕੁਲਵਿੰਦਰ ਸਿੰਘ ਚਾਹਲ, ਕੁਲਵੰਤ ਸਿੰਘ, ਕੁਲਭੂਸ਼ਨ ਕੁਮਾਰ, ਸ਼ਿਗਾਰਾ ਰਾਮ ਆਦਿ ਬੁਲਾਰਿਆਂ ਨੇ ਸੰਬੋਧਨ ਕਰਦਿਆਂ ਕਿਹਾ ਕਿ ਸੰਯੁਕਤ ਕਿਸਾਨ ਮੋਰਚੇ ਦਾ ਅਗਲਾ ਜੋ ਵੀ ਪ੍ਰੋਗਰਾਮ ਆਵੇਗਾ। ਉਸ ਨੂੰ ਇੰਨਬਿੰਨ ਲਾਗੂ ਕੀਤਾ ਜਾਵੇਗਾ। ਇਸ ਮੌਕੇ ਕਸ਼ਮੀਰ ਸਿੰਘ ਭੱਜਲ, ਬਲਵੰਤ ਰਾਏ, ਪ੍ਰੇਮ ਸਿੰਘ ਰਾਣਾ, ਜੁਝਾਰ ਸਿੰਘ ਮੱਟੂ ਸਾਬਕਾ ਸਰਪੰਚ, ਗੁਰਮੀਤ ਸਿੰਘ ਅਤੇ ਅਵਤਾਰ ਸਿੰਘ ਆਦਿ ਹਾਜ਼ਰ ਸਨ।

## ਮਾਘੀ ਮੁਕਤਸਰ ਦੀ

ਮੁੱਕ ਗਿਆ ਰਾਸ਼ਨ, ਭੁੱਖ ਨੇ ਸਿੰਘ ਸਤਾਏ ਸੀ,
ਘੇਰਾ ਮੁਗਲਾਂ ਪਾਇਆ ਸੀ ਕਿਲ੍ਹੇ ਨੂੰ ਭਾਰੀ।
ਲਿਖ ਬੇਦਾਵਾ ਸਿੰਘਾਂ ਘਰ ਨੂੰ ਚਾਲੇ ਪਾਏ ਸੀ,
ਆਖਣ ਜਾਂਦੀ ਨਾ ਹੁਣ ਸਾਥੋਂ ਭੁੱਖ ਸਹਾਰੀ।
ਮਾਈ ਭਾਗੋ ਅੱਗੋਂ ਵੰਗਾਂ ਦੇ ਕੇ ਪਾਵੇ ਲਾਹਨਤਾਂ,
ਆਖੇ ਕੀਤੀ ਤੁਸੀਂ ਸਤਿਗੁਰ ਨਾਲ ਗੱਦਾਰੀ।
ਅਸੀਂ ਲੈ ਕੇ ਜੱਥਾ ਕੋਲ ਗੁਰਾਂ ਦੇ ਜਾਵਾਂਗੇ, ਆਪਣੇ ਦਿਲ ਵਿੱਚ ਮਾਈ ਭਾਗੋ ਪੱਕੀ ਧਾਰੀ।
ਜੱਥੇ ਨਾਲ ਸਿੰਘਾਂ ਨੇ ਪਾਏ ਦੀਨੇ ਵੱਲ ਚਾਲੇ,
ਦਾਗ਼ ਜੋ ਮੱਥੇ ਲੱਗਾ ਧੋਣ ਦੀ ਕਰ ਕੇ ਤਿਆਰੀ।
ਢਾਬ ਖਿਦਰਾਣੇ ਦੀ ਲਾਗੇ ਹੀ ਹਾਲੇ ਪਹੁੰਚੇ ਸੀ,
ਅੱਗੋਂ ਟੱਕਰ ਗਈ ਸੀ ਫ਼ੌਜ ਖਾਨ ਦੀ ਭਾਰੀ।ਚੱਲੀ ਗੋਲ਼ੀ,ਸ਼ੂਕੇ ਤੀਰ,ਤਲਵਾਰਾਂ ਤੇ ਭਾਲੇ,
ਖ਼ੂਨ ਨਾਲ ਗਈ ਸੀ ਰੰਗੀ ਧਰਤੀ ਸਾਰੀ।
ਆਹੂ ਲਾਹ ਮੁਗਲਾਂ ਦੇ ਸੈਂਤੀ ਸਿੰਘ ਸ਼ਹੀਦ ਹੋਏ,
ਫੌਜਾਂ ਖਾਨ ਦੀਆਂ ਨੂੰ ਦਿੱਤੀ ਭਾਂਜ ਕਰਾਰੀ।
ਪੁੱਜੇ ਗੁਰ ਓਥੇ ਜਦ ਵੇਖਣ ਸਿੰਘ ਸ਼ਹੀਦਾਂ ਨੂੰ,
ਮੁੱਖ ਪੂੰਝਣ ਆਖਣ 'ਇਹ ਮੇਰੇ ਨੇ ਦਸ ਹਜ਼ਾਰੀ'
ਪੁੱਛੀ ਆਖ਼ਰੀ ਇੱਛਾ ਮਹਾਂ ਸਿੰਘ ਸਹਿਕਦੇ ਨੂੰ,
'ਬੇਦਾਵਾ ਪਾੜ ਦਿਉ' ਉਸ ਨੇ ਅਰਜ਼ ਗੁਜ਼ਾਰੀ।
ਟੁੱਟੀ ਗੰਢੀ ਸਤਿਗੁਰ ਪਾੜ ਬੇਦਾਵਾ ਸਿੰਘਾਂ ਦਾ,
'ਚਾਲੀ ਮੁਕਤੇ ' ਕਹਿ ਕੇ ਜਾਂਦੇ ਸਨ ਸਤਿਕਾਰੀ।
ਲੱਗਦਾ ਹਰ ਵਰ੍ਹੇ ਹੈ ਮੇਲਾ ਮੁਕਤਸਰ ਮਾਘੀ ਦਾ,
ਜਸ ਗਾਉਂਦੀ ਸਿੰਘਾਂ ਦਾ, ਜਾ ਕੇ ਸੰਗਤ ਸਾਰੀ।
ਜੂਝਣਾ ਸਾਨੂੰ ਤੂੰ ਸਿਖਾਇਆ ਹੱਕ ਤੇ ਸੱਚ ਲਈ ,
ਸਰਬੰਸ ਦਾਨੀਆ ਤੈਥੋਂ 'ਅਮਰ' ਜਾਵੇ ਬਲਿਹਾਰੀ।



ਅਮਰਜੀਤ ਕੌਰ ਮੋਰਿੰਡਾ

## ਕੱਟੜਵਾਦੀ ਮੁਰਦਾਬਾਦ

ਕੱਟੜਵਾਦ ਦੀ ਭੇਟ ਚੜ੍ਹੇ।
ਨਫਰਤ ਦੇ ਹੜ੍ਹ ਵਿੱਚ ਹੜ੍ਹੇ।
ਗੁਜਰਾਤ, ਗੋਧਰਾ, ਦਿੱਲੀ, ਮਨੀਪੁਰ,
ਸ਼ਾਮਲੀ ਜਾਂ ਕਸ਼ਮੀਰ ਬੜੇ।
ਜਿੱਥੇ ਮਜ੍ਹਬੀ ਅੱਗਾਂ ਦੇ ਵਿੱਚ,
ਬੇਦੋਸ਼ੇ, ਮਜ਼ਲੂਮ ਸੜੇ।
ਆਪਸੀ ਸਾਂਝਾਂ, ਭਾਈਚਾਰੇ,
ਮੁੜ ਕੇ ਲੀਹ 'ਤੇ ਨਹੀਂ ਚੜ੍ਹੇ।
ਇਤਿਹਾਸ ਗਵਾਹ ਹੈ ਕਦੇ ਇੱਦਾਂ ਤਾਂ,
ਪਸ਼ੂ ਤੱਕ ਵੀ ਨਹੀਂ ਲੜੇ।
ਗਰਭ ਦੇ ਵਿਚਲੇ ਤੇ ਦੁੱਧ ਚੁੰਘਦੇ,
ਬਾਲ ਤੱਕ ਵੀ ਨਹੀਂ ਜਰੇ।
ਰੋਮੀ ਪਿੰਡ ਘੜਾਮੇਂ ਵਾਲ਼ਾ,
ਤੱਥਾਂ ਨਾਲ਼ ਬਿਆਨ ਕਰੇ।
ਸੱਪਾਂ ਵਿੱਚ ਵੀ ਨਹੀਂ ਮਿਲ ਸਕਦੇ,
ਜੋ ਕੱਟੜਾਂ ਵਿੱਚ ਜ਼ਹਿਰ ਭਰੇ।



**ਰੋਮੀ ਘੜਾਮਾਂ।**
**9855281105 (ਵਟਸਪ ਨੰ।)**

## ਇੱਕ ਗੱਲ ਸੁਣੋਂ ਵੇ ਪੰਛੀਓ

ਮੈਂ ਔਰਤ ਜੱਗ ਦੀ ਜਣਨੀ ਹਾਂ ,
ਨਵਾਂ ਜਹਾਨ ਵਸਾ ਸਕਦੀ ਹਾਂ ।
ਅੰਬਰ ਦੇ ਵਿੱਚ ਉਡਦੇ ਪੰਛੀ ,
ਧਰਤੀ 'ਤੇ ਪਟਕਾ ਸਕਦੀ ਹਾਂ ।
ਹੁਣ ਤੱਕ ਸਨ ਮੌਕੇ ਘੱਟ ਮਿਲੇ ,
ਹੁਣ ਧਰਤੀ ਅੰਬਰ ਮੇਲ਼ ਦੇਊਂ ;
ਮੈਂ ਥੋੜੇ ਤੋਂ ਵੀ ਉੱਚੀ ਉਡਾਰੀ ,
ਬਿਨ ਖੰਭਾਂ 'ਤੋਂ ਲਾ ਸਕਦੀ ਹਾਂ ।



**ਮੂਲ ਚੰਦ ਸ਼ਰਮਾ ਪ੍ਰਧਾਨ ,**
**ਪੰਜਾਬੀ ਸਾਹਿਤ ਸਭਾ ਧੂਰੀ ਜਿਲ੍ਹਾ ਸੰਗਰੂਰ ।**
**9914836037**

## "ਬਾਰਾ ਮਾਹ "

ਵੱਖੋ ਵੱਖ ਰੁੱਤਾਂ ਵੱਖੋ ਵੱਖ ਰੰਗ ਜੀ।
ਜਿੰਦਗੀ ਜਿਉਂਣ ਵਾਲੇ ਸਿੱਖੋ ਢੰਗ ਜੀ।
ਆਖਦੇ ਸਿਆਣੇਂ ਚਿੱਤ ਨੂੰ ਟਿਕਾਉਣ ਦਾ।
ਮਾਘ ਦਾ ਮਹੀਨਾ ਰੱਬੀ ਗੁਣ ਗਾਉਣ ਦਾ।
ਚੇਤ ਦੇ ਮਹੀਨੇ ਦੇਸੀ ਚੜ੍ਹੇ ਸਾਲ ਜੀ।
ਮੌਸਮ ਵੀ ਹੋਵੇ ਵੀਰਨੋ ਕਮਾਲ ਜੀ।
ਸੰਧੂਆਂ ਸ਼ੌਕੀਨ ਕਵਿਤਾ ਬਣਾਉਣ ਦਾ।
ਮਾਘ ਦਾ ਮਹੀਨਾ ਰੱਬੀ ਗੁਣ ਗਾਉਣ ਦਾ।
ਵਿਸਾਖ ਵਿਸਾਖੀ ਹੋਂਵਦਾ ਤਿਉਹਾਰ ਜੀ।
ਕਣਕ ਫਸਲ ਭਰਦੀ ਭੰਡਾਰ ਜੀ।
ਖਾਲਸਾ ਦਿਵਸ ਸੰਗਤੇ ਮਨਾਉਣ ਦਾ।
ਮਾਘ ਦਾ ਮਹੀਨਾ ਰੱਬੀ ਗੁਣ ਗਾਉਣ ਦਾ।
ਜੇਠ ਦੇ ਮਹੀਨੇ ਤਪਸ਼ ਤਪਾਂਵਦੀ।
ਹਾੜ ਵਾਲੀ ਵਾੜ ਪੂਰਾ ਕਹਿਰ ਠਾਂਵਦੀ।
ਪੰਚਮ ਗੁਰਾ ਦੀ ਸ਼ਹੀਦੀ ਮਨਾਉਣ ਦਾ।
ਮਾਘ ਦਾ ਮਹੀਨਾ ਰੱਬੀ ਗੁਣ ਗਾਉਣ ਦਾ।
ਸਾਉਣ ਦਾ ਮਹੀਨਾ ਖੀਰ ਪੂੜੇ ਖਾਣ ਦਾ।
ਕੁੜੀਆਂ ਨੂੰ ਚਾਅ ਹੋਵੇ ਪੱਕੇ ਜਾਣ ਦਾ।
ਗਰਮੀ ਤੋਂ ਰਾਹਤ ਮੇਘ ਵਰਸਾਉਣ ਦਾ।
ਮਾਘ ਦਾ ਮਹੀਨਾ ਰੱਬੀ ਗੁਣ ਗਾਉਣ ਦਾ।
ਭਾਦੋ ਵਿੱਚ ਮੇਲਾ ਲੱਗਦਾ ਛਪਾਰ ਦਾ।
ਗਰਮੀ ਦਾ ਕਹਿਰ ਉੱਤੋਂ ਮੱਤ ਮਾਰ ਦਾ।
ਕ੍ਰਿਸ਼ਨ ਮੁਰਾਰ ਪੂਰਬ ਮਨਾਉਣ ਦਾ।
ਮਾਘ ਦਾ ਮਹੀਨਾ ਰੱਬੀ ਗੁਣ ਗਾਉਣ ਦਾ।
ਅੱਸੂ ਦੇ ਨੌਰਾਤੇ ਬੜੇ ਮਸ਼ਹੂਰ ਜੀ।
ਵਿਆਹਾ ਵਿੱਚ ਲੱਡੂ ਪੱਕਦੇ ਜ਼ਰੂਰ ਜੀ।
ਬਦੀ ਉੱਤੇ ਨੇਕੀ ਤਾਂਈ ਜਿੱਤ ਪਾਉਣ ਦਾ।
ਮਾਘ ਦਾ ਮਹੀਨਾ ਰੱਬੀ ਗੁਣ ਗਾਉਣ ਦਾ।
ਅਯੁੱਦਿਆਂ 'ਚ ਪੁੱਜੇ ਜਦੋਂ ਸ੍ਰੀ ਰਾਮ ਜੀ।
ਖੁਸ਼ ਹੋਇਆ ਨਰ ਨਾਰੀ ਸੀ ਤਮਾਮ ਜੀ।
ਬੋਦੀ ਛੋੜ ਮੌਕੇ ਦੀਪਕ ਜਗਾਉਣ ਦਾ।
ਮਾਘ ਦਾ ਮਹੀਨਾ ਰੱਬੀ ਗੁਣ ਗਾਉਣ ਦਾ।
ਪੋਹ ਦਾ ਮਹੀਨਾ ਹੋਵੇ ਠੰਡ ਜ਼ੋਰ ਦੀ।
ਚੇਤੇ ਆਵੇ ਸਾਨੂੰ ਗੜ੍ਹੀ ਚਮਕੌਰ ਦੀ।
ਵਿੱਚ ਸਰਹਿੰਦ ਹਾਜ਼ਰੀ ਲਗਾਉਣ ਦਾ।
ਮਾਘ ਦਾ ਮਹੀਨਾ ਰੱਬੀ ਗੁਣ ਗਾਉਣ ਦਾ।
ਚਾਲੀ ਸਿੰਘਾਂ ਮੁੱਖ ਗੁਰੂ ਵੱਲੋ ਮੋੜਿਆ।
ਪਾੜਕੇ ਬੇਦਾਵਾ ਗੁਰਾਂ ਗੰਢ ਜੋੜਿਆਂ।
ਆਪਣੇ ਪਿਆਰਾ ਨੂੰ ਗੱਲ ਲਾਉਣ ਦਾ।
ਮਾਘ ਦਾ ਮਹੀਨਾ ਰੱਬੀ ਗੁਣ ਗਾਉਣ ਦਾ।
ਫੱਗਣ ਮਹੀਨੇ ਹੋਲੀ ਹੋਲਾ ਆਂਵਦਾ।
ਆਨੰਦਾ ਦੀ ਪੂਰੀ ਖਾਲਸਾ ਮਨਾਂਵਦਾ।
ਬਾਰਾ ਮਾਹਾ ਚੇਤੇ ਦੇਸੀ ਕਰਵਾਉਣ ਦਾ।
ਮਾਘ ਦਾ ਮਹੀਨਾ ਰੱਬੀ ਗੁਣ ਗਾਉਣ ਦਾ।

**ਗਰਿੰਦਰ ਸਿੰਘ ਸੰਧੂਆਂ।**
**ਤਹਿ ਸ੍ਰੀ ਚਮਕੌਰ ਸਾਹਿਬ, ਰੂਪਨਗਰ**
**94630 27466**



## ਰਸਮ-ਏ-ਸ਼ਹਾਦਤ

ਓਹ ਸ਼ਾਇਰ ਤੇਗ਼ ਨਾਲ਼ ਲਿਖਦਾ
ਇਬਾਰਤ ਮੱਥਿਆਂ ਉੱਤੇ
ਤੇ ਚੰਡੀ ਸਿੱਧ ਕਰਕੇ ਹੀ
ਰਕਾਬੇ ਪੈਰ ਧਰਦਾ ਏ
ਜਦੋਂ ਸਰਬੰਸ ਸਾਰਾ
ਵਾਰ ਦਿੰਦਾ ਕੌਮ ਦੇ ਉੱਤੋਂ
ਤੇ ਖ਼ਾਲੀ ਹੱਥ ਮੁੜਿਆ
ਜਿੱਤ ਦਾ ਐਲਾਨ ਕਰਦਾ ਹੈ
ਉਹ ਭਰਦਾ ਹੌਂਸਲੇ ਟੁੱਟੇ ਪਰਾਂ ਵਿਚ
ਇਸ ਕਦਰ ਅਕਸਰ
ਓਹ ਬਾਜਾਂ, ਘੋੜਿਆਂ, ਤੀਰਾਂ,
ਕ਼ਲਮ ਨੂੰ ਜੋਸ਼ ਦਿੰਦਾ ਹੈ
ਉਹ ਤਿੜਕੇ ਜਜ਼ਬਿਆਂ ਨੂੰ
ਲਾ ਰੂਹਾਨੀ ਚਾਸ਼ਨੀ ਦੇਵੇ
ਲਪੇਟਾ ਮਾਰ ਕੇ ਦਸਤਾਰ
ਦੇ ਵਿੱਚ ਹੋਸ਼ ਦਿੰਦਾ ਹੈ
ਅਦਾ ਕੁਝ ਹੋਰ ਹੁੰਦੀ ਏ
ਵਕ਼ਤ ਦੇ ਰਹਿਬਰਾਂ ਅੰਦਰ
ਉਹ ਡਿੱਗਦੇ ਬੋਚ ਲੈਂਦੇ ਨੇ
ਤੇ ਚੜ੍ਹਦੇ ਠੱਲ੍ਹ ਲੈਂਦੇ ਨੇ
ਬੜੇ ਸ਼ਾਲੀਨ ਜੁੱਸੇ ਵਾਲੜੇ
ਸੂਰੇ, ਮਹਾਂ-ਸੂਰੇ
ਹਲੀਮੀ, ਸਹਿਜ, ਸਬਰਾਂ ਨਾਲ਼
ਫ਼ਤਵੇ ਝੱਲ ਲੈਂਦੇ ਨੇ
ਉਹ ਆਸ਼ਿਕ ਧਰਮ ਦਾ ਹੈ
ਤੇ ਸ਼ਹੀਦੀ ਵਣਜ ਕਰਦਾ ਏ
ਤਵੀ 'ਤੇ ਬਹਿਣ ਦੀ ਪਿਛਲੀ
ਸਮਾਧੀ ਯਾਦ ਆਉਂਦੀ ਏ
ਕਿ ਉਸਦੀ ਕੌਮ ਨੇ
ਰਸਮ-ਏ-ਸ਼ਹਾਦਤ ਭੁਲ ਨਹੀਂ ਜਾਣੀ
ਉਮਰ ਨੌਂ ਸਾਲ ਦੀ ਵਿਚ ਆਣ
ਹੋਣੀ ਖਿੱਚ ਪਾਉਂਦੀ ਏ
ਉਹਨੇ ਪੰਜਾਂ ਕਕਾਰਾਂ ਨੂੰ
ਵਿਕਾਰਾਂ ਸਾਹਮਣੇ ਕੀਤਾ
ਤੇ ਘੜੀਆਂ, ਪਹਿਰ ਕੰਬੇ,
ਸ਼ਹਿਰ ਕੰਬੇ, ਕਹਿਰ ਵੀ ਕੰਬੇ
ਪਿਲਾ ਕੇ ਪਾਹੁਲ ਖੰਡੇ ਦੀ
ਸਜਾਇਆ ਖ਼ਾਲਸਾ ਏਦਾਂ
ਸਮੁੰਦਰ ਆਪ ਕੰਬੇ, ਲਹਿਰ ਕੰਬੇ,
ਗਹਿਰ ਵੀ ਕੰਬੇ
ਝੂਜਦਾ ਧਰਮ ਦੀ ਖਾਤਰ
ਨਫ਼ੇ-ਨੁਕਸਾਨ ਝੱਲਦਾ ਵੀ
ਬਗ਼ਾਵਤ ਸਿਰਜ ਕੇ
ਲਹੂਆਂ 'ਚ ਦੀਵੇ ਬਾਲ਼ ਦਿੰਦਾ ਏ
ਉਹ ਅੱਖਾਂ ਮੇਲ਼ ਕੇ ਹੁੰਦਾ
ਮੁਖ਼ਾਤਬ ਦੁਸ਼ਮਣਾਂ ਅੱਗੇ
ਫਤਹਿ ਕਹਿ ਕੇ ਭੰਗਾਣੀ ਵਿਚ
ਨ੍ਹੇਰੀ ਠਾਲ਼ ਦਿੰਦਾ ਏ
ਹਲਾਤੀ ਪਾਰਖੂ ਆਗੂ ਵੀ ਚੰਗਾ
ਸੂਝ ਦਾ ਚੰਡਿਆ
ਕਿਲਾਬੰਦੀ ਅਨੰਦਪੁਰ ਦੀ
ਦਾ ਘੇਰਾ ਤੋੜ ਦਿੰਦਾ ਏ
ਉਹ ਦ੍ਰਿੜ੍ਹਤਾ ਨਾਲ਼ ਲੜਦੇ
ਸੂਰਿਆਂ ਦੀ ਓਟ ਬਣਦਾ ਏ
ਤੇ ਵੇਲ਼ਾ ਆਉਣ ਤੇ
ਮੁਗ਼ਲਾਂ ਨੂੰ ਭਾਜੀ ਮੋੜ ਦਿੰਦਾ ਏ
ਗੜ੍ਹੀ ਚਮਕੌਰ ਦੀ ਕਰਦੀ ਰਹੀ
ਜੋ ਸਾਜਿਸ਼ਾਂ ਗੁੱਝੀਆਂ
ਉਹਦੀ ਸ਼ਾਤਿਰਗਿਰੀ ਦੀ
ਅਹਿਮ ਬੇੜੀ ਲਾਹ ਕੇ ਮੁੜ ਆਇਆ
ਉਹ ਬਣਕੇ ਇਸ ਕਦਰ ਸੁਪਨਾ
ਗਿਆ ਸੀ ਵਿਚ ਮਹਿਲਾਂ ਦੇ
ਵਜ਼ੀਰ - ਏ-ਖ਼ਾਨ ਨੂੰ
ਸੋਚਾਂ ਦੀ ਚੇਟਕ ਲਾ ਕੇ ਮੁੜ ਆਇਆ
ਮੁਕਤਸਰ-ਸਰ ਨਹੀਂ ਹੁੰਦਾ
ਜੇ ਸਿਰ 'ਤੇ ਸੀਸ ਰਹਿ ਜਾਂਦੇ
ਅਨੋਖੀ ਕੌਮ ਹੈ ਜਿਸ ਨੂੰ
ਪਿਆਏ ਅਣਖ ਦੇ ਬਾਟੇ
ਜਦੋਂ ਦਾਤਾ ਹੀ ਦਾਤਾਂ ਦੇਣ
ਵਾਲ਼ਾ ਮਿਲ਼ ਪਿਆ ਏਦਾਂ
ਕਦੇ ਵੀ ਫਿਰ ਪਏ ਨਾ
ਜ਼ਿੰਦਗੀ ਵਿੱਚ ਸਿਦਕ ਦੇ ਘਾਟੇ

ਉਹ ਸ਼ੈਲੀ ਮਸਨਵੀ ਦਾ
ਜ਼ਫ਼ਰਨਾਮਾ ਫਾਰਸੀ ਦੇ ਵਿੱਚ
ਕਿ ਪੜ੍ਹ ਕੇ ਮੁਗ਼ਲ ਜਿਸ ਨੂੰ
ਆਖਰੀ ਜੰਗ ਹਾਰ ਬੈਠਾ ਸੀ
ਕ਼ਲਮ ਨੇ 'ਅੰਤ' ਲਿਖਿਆ ਸੀ
ਲਹੂ ਸੀਨੇ 'ਚੋਂ ਲੈ-ਲੈ ਕੇ
ਔਰੰਗਾ ਆਪਣਾ ਇਖ਼ਲਾਕ਼
ਆਪੇ ਮਾਰ ਬੈਠਾ ਸੀ

ਹੈ ਕਾਇਨਾਤ ਅੰਦਰ ਲਰਜ਼ਦਾ
ਚਸ਼ਮਾ ਮੁਹੱਬਤ ਦਾ
ਕਿ ਜਿਸ ਤੋਂ ਪੀਰ ਤੇ ਦਰਵੇਸ਼
ਸਾਰੇ ਇਸ਼ਕ ਸਿੱਖਦੇ ਨੇ
ਜੀ ਕੁਝ ਤਾਂ ਸਜਦਿਆਂ ਵਿਚ
ਮਾਣ ਲੈਂਦੇ ਲੁਤਫ਼ ਬਰਕਤ ਦਾ
ਤੇ ਕੁਝ ਮੇਰੇ ਜਹੇ ਸ਼ਾਇਰ
ਕਿਤਾਬਾਂ ਵਿੱਚ ਲਿਖਦੇ ਨੇ

ਮਹੀਨੇ, ਸਾਲ, ਸਦੀਆਂ, ਪੀੜ੍ਹੀਆਂ,
ਯੁੱਗਾਂ ਨੂੰ ਪਹੁੰਚੀ ਏ
ਸਿਰਾਂ ਦੀ ਦਾਸਤਾਂ ਜੋ
ਇਸ ਜਹਾਨੋਂ ਪਾਰ ਲਿਖਦਾ ਏ
ਜੋ ਮੇਰੇ ਰਹਿਬਰਾਂ ਨੂੰ
ਰਹਿਬਰੀ ਦਾ ਹੁਕਮ ਦੇਂਦਾ ਏ
ਕਿਤਾਬ-ਏ-ਇਸ਼ਕ ਦੇ ਵਿੱਚ
ਹੁਕਮ ਹੀ ਦਰਕਾਰ ਲਿਖਦਾ ਏ



**ਰਿਤੂ ਵਾਸੂਦੇਵ**

# ਗਾਇਕਾ ਸੀਮਾ ਅਣਜਾਣ "ਮੇਰੀ ਇੱਕ ਆਸ ਗੁਰੂ ਰਵਿਦਾਸ" ਟ੍ਰੈਕ ਨਾਲ ਸੰਗਤ ਦੇ ਵਿੱਚ ਭਰ ਰਹੀ ਹੈ ਹਾਜਰੀ – ਰਾਮ ਭੋਗਪੁਰੀਆ

## ਆਰ ਜੇ ਬੀਟ ਭਗਤੀ ਚੈਨਲ ਵਲੋਂ ਹੋਰ ਵੀ ਰਿਲੀਜ਼ ਕੀਤੇ ਜਾਣਗੇ ਧਾਰਮਿਕ ਗੀਤ

**ਸਰੀ /ਵੈਨਕੂਵਰ (ਕੁਲਦੀਪ ਚੁੰਬਰ )–** ਪੰਜਾਬ ਦੀ ਸੁਪ੍ਰਸਿੱਧ ਗਾਇਕਾ ਸੀਮਾ ਅਣਜਾਣ ਸਮੇਂ ਸਮੇਂ ਆਪਣੇ ਪੰਜਾਬੀ ਅਤੇ ਧਾਰਮਿਕ ਗੀਤਾਂ ਨਾਲ ਸਭ ਦੇ ਰੂਬਰੂ ਹੁੰਦੀ ਆਈ ਹੈ। ਹਾਲ ਹੀ ਵਿੱਚ ਉਸਦਾ ਇਕ ਪੋਸਟਰ ਜਗਤ ਗੁਰੂ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ ਪਾਵਨ ਪਵਿੱਤਰ ਆਗਮਨ ਪੁਰਬ ਦੀ ਖੁਸ਼ੀ ਵਿੱਚ "ਮੇਰੀ ਇੱਕ ਆਸ ਗੁਰੂ ਰਵਿਦਾਸ" ਦੇ ਟਾਈਟਲ ਹੇਠ ਰਿਲੀਜ਼ ਹੋਣ ਵਾਲੇ ਟ੍ਰੈਕ ਦਾ ਆਰ ਜੇ ਬੀਟ ਭਗਤੀ ਚੈਨਲ ਅਤੇ ਰਾਮ ਭੋਗਪੁਰੀਆ ਵਲੋਂ ਸੋਸ਼ਲ ਮੀਡੀਆ ਤੇ ਲਾਂਚ ਕੀਤਾ ਗਿਆ ਹੈ। ਜਿਸ ਸਬੰਧੀ ਰਾਮ ਭੋਗਪੁਰੀਆ ਪ੍ਰੋਡਿਊਸਰ ਨੇ ਦੱਸਿਆ ਕਿ ਗਾਇਕਾ ਸੀਮਾ ਅਣਜਾਣ ਸਮੇਂ ਦੇ ਨਾਲ ਤੁਰਨ ਵਾਲੀ ਗਾਇਕਾ ਹੈ, ਜੋ ਆਪਣੇ ਬੋਲਾਂ ਜ਼ਰੀਏ ਹਰ ਖੇਤਰ ਵਿੱਚ ਕਾਮਯਾਬੀ ਦੀ ਮੰਜ਼ਿਲ ਹਾਸਲ ਕਰ ਚੁੱਕੀ ਹੈ। "ਮੇਰੀ ਇੱਕ ਆਸ ਗੁਰੂ ਰਵਿਦਾਸ" ਟ੍ਰੈਕ ਨੂੰ ਗਾਇਕਾ ਸੀਮਾ ਅਣਜਾਣ ਨੇ ਆਪਣੀ ਖੂਬਸੂਰਤ ਆਵਾਜ਼ ਨਾਲ ਭਰਤੀ ਭਾਵ ਦਾ ਰੰਗ ਦੇ ਕੇ ਸ਼ਿੰਗਾਰਿਆ ਹੈ । ਇਸ ਦਾ ਮਿਊਜ਼ਿਕ ਨਰਾਇਣ ਸ਼ਰਮਾ ਦਾ ਹੈ ਅਤੇ ਇਸ ਨੂੰ ਕਲਮਬੰਧ ਤੇ ਕੰਪੋਜ਼ ਖੁਦ ਗਾਇਕਾ ਸੀਮਾ ਅਣਜਾਣ ਨੇ ਕੀਤਾ ਹੈ। ਰਾਮ ਭੋਗਪੁਰੀਆ ਪ੍ਰੋਡਿਊਸਰ ਅਤੇ ਕੋ ਪ੍ਰੋਡਿਊਸਰ ਸੁੱਖ ਵਾਲੀਆ ਹਨ । ਪ੍ਰੋਜੈਕਟ ਬੰਨੀ ਸ਼ਰਮਾ ਦਾ ਹੈ ਤੇ ਬਾਬਾ ਕਮਲ ਇਸ ਦੇ ਡਾਇਰੈਕਟਰ ਹਨ। ਮੁਨੀਸ਼ ਸ਼ਰਮਾ ਜੀ ਸਹਾਇਕ ਪ੍ਰੋਡਿਊਸਰ ਅਤੇ ਰਾਜ ਕੇ ਔਜਲਾ ਦਾ ਇਸ ਟ੍ਰੈਕ ਲਈ ਵਿਸ਼ੇਸ਼ ਧੰਨਵਾਦ ਕੀਤਾ ਗਿਆ ਹੈ। ਜਦਕਿ ਮੀਡੀਆ ਐਡਵਾਈਜ਼ਰ ਦੀਆਂ ਸੇਵਾਵਾਂ ਕੁਲਦੀਪ ਚੁੰਬਰ ਅਤੇ ਅੰਮ੍ਰਿਤ ਪਵਾਰ ਵਲੋਂ ਬਾਖੂਬੀ ਨਿਭਾਈਆਂ ਜਾ ਰਹੀਆਂ ਹਨ। ਆਸ ਹੈ ਇਹ ਧਾਰਮਿਕ ਟ੍ਰੈਕ ਜ਼ਰੀਏ ਗਾਇਕਾ ਸੀਮਾ ਅਣਜਾਣ ਸਰੋਤਿਆਂ ਦੇ ਦਿਲਾਂ ਤੇ ਅਮਿੱਟ ਛਾਪ ਛੱਡੇਗੀ ਅਤੇ ਇਸ ਟ੍ਰੈਕ ਨੂੰ ਸੰਗਤ ਭਰਵਾਂ ਪਿਆਰ ਦੇ ਕੇ ਨਿਵਾਜੇਗੀ ।




# ਜਰਖੜ ਖੇਡਾਂ ਸਬੰਧੀ ਮੀਟਿੰਗ ਭਲਕੇ 15 ਜਨਵਰੀ ਨੂੰ ਸ਼ਾਮ 7 ਵਜੇ ਜਰਖੜ ਸਟੇਡੀਅਮ ਵਿਖੇ

## ਮਾਡਰਨ ਪੇਂਡੂ ਮਿੰਨੀ ਓਲੰਪਿਕ ਜਰਖੜ ਖੇਡਾਂ 7-8-9 ਫਰਵਰੀ ਨੂੰ,

**ਲੁਧਿਆਣਾ ਨਕੋਦਰ ਮਹਿਤਪੁਰ (ਹਰਜਿੰਦਰ ਪਾਲ ਛਾਬੜਾ)** ਜਰਖੜ ਖੇਡਾਂ ਜੋ 7-8-9 ਫਰਵਰੀ2025 ਨੂੰ ਹੋ ਰਹੀ ਹਨ ਉਹਨਾਂ ਦੀਆਂ ਤਿਆਰੀਆਂ ਸੰਬੰਧੀ ਮਾਤਾ ਸਾਹਿਬ ਕੌਰ ਚੈਰੀਟੇਬਲ ਟਰਸਟ ਪਿੰਡ ਜਰਖੜ ਦੀ ਮੀਟਿੰਗ ਭਲਕੇ 15 ਜਨਵਰੀ ਨੂੰ ਸ਼ਾਮ 4 ਵਜੇ ਚੇਅਰਮੈਨ ਨਰਿੰਦਰ ਪਾਲ ਸਿੰਘ ਸਿੱਧੂ ਦੀ ਪ੍ਰਧਾਨਗੀ ਹੇਠ ਜਰਖੜ ਖੇਡ ਸਟੇਡੀਅਮ ਵਿਖੇ ਹੋਵੇਗੀ । ਮੀਟਿੰਗ ਵਿੱਚ ਹੋਣ ਵਾਲੀਆਂ ਜਰਖੜ ਖੇਡਾਂ ਦੀਆਂ ਤਿਆਰੀਆਂ ਅਤੇ ਪ੍ਰਬੰਧਾਂ ਦਾ ਜਾਇਜਾ ਲਿਆ ਜਾਵੇਗਾ। ਇਸ ਤੋਂ ਇਲਾਵਾ ਖੇਡਾਂ ਦੇ ਫਾਈਨਲ ਸਮਾਰੋਹ ਤੇ ਲੱਗਣ ਵਾਲੇ ਸਿੰਗਰ ਅਤੇ ਉਦਘਾਟਨੀ ਸਮਾਰੋਹ ਬਾਰੇ ਵਿਚਾਰ ਵਟਾਂਦਰ ਕੀਤਾ ਜਾਵੇਗਾ। ਮੀਟਿੰਗ ਵਿੱਚ ਜਰਖੜ ਖੇਡਾਂ ਦੇ ਸਮੂਹ ਪ੍ਰਬੰਧਕਾਂ ਅਹੁਦੇਦਾਰਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਸ਼ਾਮ ਨੂੰ ਸਹੀ 4 ਵਜੇ ਜਰਖੜ ਖੇਡ ਸਟੇਡੀਅਮ ਵਿਖੇ ਆਪਣੀ ਰਿਪੋਰਟ ਕਰਨ, ਤਾਂ ਜੋ ਖੇਡਾਂ ਸਬੰਧੀ ਵਧੀਆ ਫੈਸਲੇ ਹੋ ਸਕਣ। ਬੇਨਤੀ ਕਰਤਾ – ਜਗਰੂਪ ਸਿੰਘ ਜਰਖੜ ਫੋਨ ਨੰਬਰ 98143-00722

# ਜਿਲ੍ਹਾ ਨਸ਼ਾ ਮੁਕਤੀ ਮੁੜ ਵਸੇਬਾ ਕੇਂਦਰ ਹੁਸ਼ਿਆਰਪੁਰ ਵਿਖੇ ਸ਼੍ਰੀ ਸੁਖਮਣੀ ਸਾਹਿਬ ਦੇ ਭੋਗ ਪਾਏ ਗਏ ਅਤੇ ਲੋਹੜੀ ਦਾ ਤਿਉਹਾਰ ਮਨਾਇਆ ਗਿਆ

**ਹੁਸ਼ਿਆਰਪੁਰ (ਤਰਸੇਮ ਦੀਵਾਨਾ )** ਜਿਲ੍ਹਾ ਨਸ਼ਾ ਮੁਕਤੀ ਮੁੜ ਵਸੇਬਾ ਕੇਂਦਰ ਹੁਸ਼ਿਆਰਪੁਰ ਵਿਖੇ ਸ਼੍ਰੀ ਸੁਖਮਣੀ ਸਾਹਿਬ ਦੇ ਭੋਗ ਪਾਏ ਗਏ ਅਤੇ ਲੋਹੜੀ ਦਾ ਤਿਉਹਾਰ ਮਨਾਇਆ ਗਿਆ। ਜਿਸ ਵਿੱਚ ਮਾਨਯੋਗ ਵਿਧਾਇਕ ਹਲਕਾ ਚੱਬੇਵਾਲ ਡਾ। ਇਸ਼ਾਕ ਚੱਬੇਵਾਲ ਮੁੱਖ ਮਹਿਮਾਨ ਦੇ ਤੌਰ ਤੇ ਸ਼ਾਮਿਲ ਹੋਏ। ਇਸ ਦੌਰਾਨ ਡਾ। ਪਵਨ ਕੁਮਾਰ ਸ਼ਗੋਤਰਾ ਸਿਵਲ ਸਰਜਨ ਹੁਸ਼ਿਆਰਪੁਰ, ਰਿਸ਼ਵ ਅਰੋੜਾ ਸੰਯੁਕਤ ਸਕੱਤਰ ਭਾਰਤ ਸਰਕਾਰ ਵਿਸ਼ੇਸ਼ ਤੌਰ ਤੇ ਹਾਜ਼ਿਰ ਹੋਏ। ਇਹ ਪ੍ਰੋਗਰਾਮ ਡਾ। ਮਹਿਮਾ ਮਨਹਾਸ ਮੈਡੀਕਲ ਅਫ਼ਸਰ ਜਿਲ੍ਹਾ ਨਸ਼ਾ ਮੁਕਤੀ ਮੁੜ ਵਸੇਬਾ ਕੇਂਦਰ ਹੁਸ਼ਿਆਰਪੁਰ ਦੀ ਅਗਵਾਈ ਹੇਠ ਆਯੋਜਿਤ ਕੀਤਾ ਗਿਆ। ਇਸ ਮੌਕੇ ਡਾ। ਇਸ਼ਾਕ



ਚੱਬੇਵਾਲ ਵਿਧਾਇਕ ਨੇ ਸਾਰੇ ਸਟਾਫ਼ ਤੇ ਮਰੀਜ਼ਾ ਨੂੰ ਨਵੇਂ ਸਾਲ ਅਤੇ ਲੋਹੜੀ ਦੀਆਂ ਮੁਬਾਰਕਾਂ ਦਿੱਤੀਆਂ ਤੇ ਇਲਾਜ਼ ਅਧੀਨ ਮਰੀਜ਼ਾਂ ਨੂੰ ਨਸ਼ਾ ਮੁਕਤ ਰਹਿਣ ਲਈ ਪ੍ਰੇਰਿਤ ਕੀਤਾ। ਸਮਾਗਮ ਦੌਰਾਨ ਡਾ। ਪਵਨ ਕੁਮਾਰ ਸਿਵਲ ਸਰਜਨ ਹੁਸ਼ਿਆਰਪੁਰ ਨੇ ਸਭ ਨੂੰ ਲੋਹੜੀ ਦੀਆਂ ਮੁਬਾਰਕਾਂ ਦਿੱਤੀਆਂ। ਇਸ ਮੌਕੇ ਤੇ ਸ਼੍ਰੀਮਤੀ ਨਿਸ਼ਾ ਰਾਣੀ ਮੈਨੇਜਰ, ਪ੍ਰਸ਼ਾਂਤ ਆਦਿਆ ਕਾਉਂਸਲਰ, ਰਜਵਿੰਦਰ ਕੌਰ,ਕਾਉਂਸਲਰ, ਤਾਨੀਆ ਵੋਹਰਾ ਕਾਉਂਸਲਰ, ਰਜਵਿੰਦਰ ਕੌਰ , ਪ੍ਰਿੰਸ, ਗੁਰਸਿਮਰਨ ਸਿੰਘ, ਲਵਦੀਪ, ਰਾਜਵਿੰਦਰ ਕੌਰ, ਸਟਾਫ਼ ਨਰਸ, ਹਰੀਸ਼ ਕੁਮਾਰੀ, ਸੰਦੀਪ ਪਾਲ, ਆਦਿ ਹਾਜ਼ਿਰ ਸਨ।

ਫੋਟੋ ਅਜਮੇਰ ਦੀਵਾਨਾ

# ਇਨਰ ਵੀਲ੍ਹ ਕਲੱਬ ਆਫ ਬੰਗਾ ਵਲੋਂ ਰਿਕਸ਼ਾ ਚਾਲਕਾਂ ਨੂੰ ਜੈਕਟਾਂ ਵੰਡਕੇ ਲੋਹੜੀ ਮਨਾਈ

**ਬੰਗਾ(ਚਰਨਜੀਤ ਸੱਲ੍ਹਾ )** ਇਨਰ ਵੀਲ੍ਹ ਕਲੱਬ ਬੰਗਾ ਵਲੋਂ ਕਲੱਬ ਪ੍ਰਧਾਨ ਡਾ। ਬੰਦਨਾ ਮੂੰਗਾ ਦੀ ਪ੍ਰਧਾਨਗੀ ਹੇਠ ਲੋਹੜੀ ਦਾ ਤਿਉਹਾਰ ਨਿਵੇਕਲੇ ਢੰਗ ਨਾਲ ਸਬਜੀ ਮੰਡੀ ਬੰਗਾ ਵਿਖੇ ਸ਼ਹਿਰ ਦੇ ਰਿਕਸ਼ਾ ਚਾਲਕਾਂ ਨੂੰ ਗਰਮ ਜੈਕਟਾਂ ਅਤੇ ਵਾਰਮਰ ਵੰਡ ਕੇ ਮਨਾਇਆ ਗਿਆ। ਇਸ ਮੌਕੇ ਤੇ ਰੋਟਰੀ ਕਲੱਬ ਬੰਗਾ ਗਰੀਨ ਦੇ ਪ੍ਰਧਾਨ ਦਿਲਬਾਗ ਸਿੰਘ ਬਾਗੀ ਅਤੇ ਇਨਰ ਵੀਲ੍ਹ ਕਲੱਬ ਦੇ ਪ੍ਰਧਾਨ ਡਾ। ਬੰਦਨਾ ਮੂੰਗਾ




ਨੇ ਕਿਹਾ ਕਿ ਸਾਡਾ ਮੁੱਖ ਉਦੇਸ਼ ਲੋੜਵੰਦਾਂ ਦੀ ਮਦਦ ਕਰਨਾ ਹੈ ਭਾਵੇਂ ਉਹ ਕਿਸੇ ਵੀ ਰੂਪ ਵਿੱਚ ਹੋਵੇ। ਇਸੇ ਲੜੀ ਤਹਿਤ ਸ਼ਹਿਰ ਦੇ 22 ਰਿਕਸ਼ਾ ਚਾਲਕਾਂ ਨੂੰ ਠੰਡ ਦੇ ਮੌਸਮ ਨੂੰ ਦੇਖਦੇ ਹੋਏ ਜੈਕਟਾਂ ਤੇ ਵਾਰਮਰ ਵੰਡ ਕੇ ਇਹਨਾਂ ਨਾਲ ਲੋਹੜੀ ਦੀਆਂ ਖੁਸ਼ੀਆਂ ਸਾਂਝੀਆਂ ਕੀਤੀਆਂ ਹਨ। ਕਿਸੇ ਲੋੜਵੰਦ ਦੀ ਮਦਦ ਕਰ ਕੇ ਮਨ ਨੂੰ ਬਹੁਤ ਖੁਸ਼ੀ ਹੁੰਦੀ ਹੈ। ਅੱਗੇ ਤੋਂ ਵੀ ਇਸ ਤਰਾਂ ਦੇ ਹੋਰ ਪ੍ਰੋਜੈਕਟ ਕਰਦੇ ਰਹਾਂਗੇ।

# ਮਾਈ ਭਾਗ ਕੌਰ

ਮਾਈ ਭਾਗ ਕੌਰ ਸਿੱਖ ਇਤਿਹਾਸ ਵਿੱਚ ਇੱਕ ਫ਼ਖ਼ਰ ਨਾਲ ਨਾ ਲੈਣ ਵਾਲੀ ਇੱਕ ਮਹਾਨ ਹਸਤੀ ਹੋਈ ਹੈ। ਇਹਨਾਂ ਦੇ ਪੇਕੇ ਝਬਾਲ ਦੇ ਸਨ ਤੇ ਸੋਹਰੇ ਪੱਟੀ ਦੇ ।ਇਸ ਪਿੰਡ ਵਿੱਚ ਗੁਰਸਿੱਖੀ ਬਹੁਤ ਫੈਲੀ ਹੋਈ ਸੀ ।ਗੁਰੂ ਨਾਨਕ ਦੇਵ ਜੀ ਦੇ ਵੇਲੇ ਤੋਂ ਹੀ ਆਪਣੇ ਇਥੋਂ ਸੁਲਤਾਨਪੁਰ ਆਉਂਦਿਆਂ ਜਾਂਦਿਆਂ ਸਿੱਖੀ ਦਾ ਬੀਜ ਬੀਜਿਆ ਸੀ।

ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸਮੇਂ ਇੱਕ ਮੰਨਿਆ ਪ੍ਰਮੰਨਿਆ ਹਿੰਦੂ ਚੌਧਰੀ ਪਰਿਵਾਰ ਸੁਲਤਾਨੀਆਂ ਬਣ ਚੁੱਕਾ ਸੀ।ਜੋ ਪਹਿਲਾਂ ਸਖੀ ਸਰਵਰ ਦਾ ਸ਼ਰਧਾਲੂ ਸੀ। ਇਸ ਦਾ ਨਾਂ ਅਬਦੁਲ ਖੈਰ ਸੀ ।ਭਾਈ ਲੰਗਾਹ ਜੀ ਇਸ ਦੇ ਪੁੱਤ ਪੁੱਤਰ ਸਨ। ਇਤਿਹਾਸ ਦੱਸਦਾ ਹੈ ਕਿ ਇਹ ਢਿੱਲੋਂ ਗੋਤ ਦੇ ਜੱਟ ਸਨ। ਚੌਧਰੀ ਲੰਗਾਹ ਜੀ ਗੁਰਸਿੱਖਾਂ ਦੀ ਸੋਹਬਤ ਵਿੱਚ ਰਹਿਣ ਕਰਕੇ ਗੁਰੂ ਅਰਜਨ ਦੇਵ ਜੀ ਦੇ ਦਰਬਾਰ ਵਿੱਚ ਆ ਗਿਆ। ਗੁਰੂ ਸਾਹਿਬ ਜੀ ਦੀ ਸ਼ਖ਼ਸੀਅਤ ਦਾ ਉਸ ਤੇ ਬਹੁਤ ਪ੍ਰਭਾਵ ਪਿਆ ਅਤੇ ਗੁਰੂ ਜੀ ਦਾ ਸ਼ਰਧਾਲੂ ਬਣ ਗਿਆ।

ਇਤਿਹਾਸਕਾਰਾਂ ਮੁਤਾਬਕ ਮਾਈ ਭਾਗ ਕੌਰ ਭਾਈ ਲੰਗਾਹ ਜੀ ਦੀ ਵੰਸ ਵਿੱਚੋਂ ਹੀ ਹੋਈ ਹੈ। ਮਾਈ ਭਾਗ ਕੌਰ ਆਪਣੇ ਪਿਤਾ ਜੀ ਨਾਲ ਗੁਰੂ ਤੇਗ ਬਹਾਦਰ ਜੀ ਦੇ ਦਰਬਾਰ ਵਿੱਚ ਜਾਣ ਕਰਕੇ ਗੁਰਸਿੱਖੀ ਦੀ ਪ੍ਰੇਮਣ ਅਤੇ ਗੁਰਸਿੱਖੀ ਦੇ ਅਸੂਲ ਧਾਰਨ ਵਿੱਚ ਤਕੜੀ ਹੋ ਗਈ।1699 ਦੀ ਵਿਸਾਖੀ ਦੇ ਵੇਲੇ ਮਾਈ ਭਾਗ ਕੌਰ ਦੇ ਪਰਿਵਾਰ ਨੇ ਵੀ ਅੰਮ੍ਰਿਤ ਛਕਿਆ ।ਮਾਈ ਭਾਗ ਕੌਰ ਸਾਬਤ ਸਰੂਪ ਸਿੰਘ ਦੀ ਸ਼ਾਸਤਰਾਂ ਨਾਲ ਸਜੀ ਹੋਈ ,ਸਿਰ ਤੇ ਮਰਦਾ ਵਾਂਗ ਦਸਤਾਰ ਸਜਾਈ, ਹੱਥ ਵਿੱਚ ਸਾਂਗ( ਇੱਕ ਤਰ੍ਹਾਂ ਦਾ ਹਥਿਆਰ) ਲੈ ਕੇ ਲੜਾਈ ਦੇ ਮੈਦਾਨ ਵਿੱਚ ਜੂਝਦੀ ਨਜ਼ਰ ਆਉਂਦੀ ਹੈ । 40 ਸਿੱਖ ਜੋ ਗੁਰੂ ਸਾਹਿਬ ਨੂੰ ਬੇਦਾਵਾ ਲਿਖ ਕੇ ਦੇ ਆਏ ਸਨ ,ਇੱਥੇ ਸਿੰਘਣੀ ਨੇ ਉਨਾਂ ਮੁਰਦਿਆਂ ਵਿੱਚ ਜੋਸ਼ ਭਰਕੇ ਜਾਨ ਪਾਈ ਸੀ ,ਤੇ ਮੁੜ ਲੜਨ ਮਰਨ ਲਈ ਲੜਾਈ ਦੇ ਮੈਦਾਨ



ਵਿੱਚ ਸ਼ਹੀਦੀਆਂ ਪਾਉਣ ਲਈ ਤਿਆਰ ਬਰ ਤਿਆਰ ਕਰ ਦਿੱਤਾ ।ਉਹ ਮਾਂ ਧੰਨ ਹੈ, ਧੰਨ ਉਹ ਸੁਲੱਖਣੀ ਕੁੱਖ ਹੈ ,ਜਿਸਨੇ ਇੱਕ ਬਹਾਦਰ ਗੁਰ ਸਿੱਖਣੀ ਨੂੰ ਜਨਮ ਦਿੱਤਾ।

ਵੱਡੇ ਸਾਹਿਬਜ਼ਾਦਿਆਂ ਦੀ ਕੁਰਬਾਨੀ ਅਤੇ ਛੋਟੇ ਸਾਹਿਬਜ਼ਾਦਿਆਂ ਦੇ ਦਰਦਨਾਕ ਸਾਕੇ ਦੀਆਂ ਖਬਰਾਂ ਸਾਰੇ ਪੰਜਾਬ ਵਿੱਚ ਫੈਲੀਆਂ ਹੋਈਆਂ ਸਨ ।ਜਦੋਂ ਸੂਬਾ ਸਰਹੰਦ ਨੂੰ ਖਬਰ ਮਿਲੀ ਕਿ ਗੁਰੂ ਸਾਹਿਬ ਖਾਲਸਾ ਪੰਥ ਤਿਆਰ ਕਰ ਰਹੇ ਹਨ, ਤਾਂ ਉਹ ਇੱਕ ਵਾਰੀ ਹੋਰ ਸਤਿਗੁਰਾਂ ਤੇ ਵਾਰ ਕਰਨ ਲਈ ਤਿਆਰ ਹੋ ਗਿਆ। ਉਸ ਦੀ ਹਮਲਾ ਕਰਨ ਦੀ ਨੀਤ ਤੋਂ ਖਾਲਸਾ ਪੰਥ ਵਿੱਚ ਗੁੱਸੇ ਦੀ ਅੱਗ ਭੜਕ ਉੱਠੀ। ਇਸ ਸਮੇਂ ਮਰਦ ਭਾਈ ਭਾਗ ਕੌਰ ਕੋਲੋਂ ਸਤਿਗੁਰੂ ਲਈ ਸ਼ਰਧਾ ਤੇ ਪਿਆਰ ਦੇ ਜਜ਼ਬਾਤ ਸੰਭਾਲੇ ਨਾ ਗਏ। ਮਾਤਾ ਭਾਗ ਕੌਰ ਦਾ ਖੂਨ ਉਬਾਲੇ ਖਾਣ ਲੱਗਾ। ਘਰ ਵਾਲੇ ਨੂੰ ਕਹਿਣ ਲੱਗੀ 'ਚਲੋ ਸਿੰਘ ਜੀ' ਸਰੀਰ ਸਤਿਗੁਰਾਂ ਤੇ ਅਰਪਣ ਕਰੀਏ। ਉਂਝ ਵੀ ਤਾਂ ਕਿਸੇ ਦੁੱਖ ਨਾਲ ਮਰਨਾ ਹੀ ਹੈ ,ਇਹ ਤਨ ਗੁਰੂ ਦੇ ਲੇਖੇ ਲੱਗੇ, ਇਹ ਸਾਡੀ ਖੁਸ਼ਕਿਸਮਤੀ ਹੋਵੇਗੀ। ਆਪ ਜੀ ਦੇ ਘਰ ਵਾਲਾ ਵੀ ਗੁਰੂ ਘਰ ਦਾ ਪ੍ਰੇਮੀ ਸੀ ।ਆਖਣ ਲੱਗਾ ਕਿ ਹੁਣ ਤਾਂ ਹੱਦ ਹੋ ਗਈ ਹੈ 'ਜਿਉਣਾ ਹਰਾਮ ਹੈ' ।ਇਹ ਸੁਣ ਕੇ ਮਾਈ ਭਾਗ ਕੌਰ ਉੱਠੀ ਘੋੜੇ ਤੇ ਸਵਾਰ ਹੋ ਪਿੰਡ ਦੇ ਗੁਰਸਿੱਖਾਂ ਨੂੰ ਇਕੱਠਾ ਕੀਤਾ ਤੇ ਉਹਨਾਂ ਵਿੱਚ ਲੜਨ ਮਰਨ ਦਾ ਜੋਸ਼ ਭਰ ਦਿੱਤਾ। ਖਦਰਾਣੇ ਦੀ ਢਾਬ ਜਿਸ ਨੂੰ ਅੱਜ ਕੱਲ ਸ੍ਰੀ ਮੁਕਤਸਰ ਸਾਹਿਬ ਕਿਹਾ ਜਾਂਦਾ ਹੈ, ਤੇ 40 ਸਿੰਘਾਂ ਦੀ ਮੁਗਲਾਂ ਨਾਲ ਤਕੜੀ ਜੰਗ ਹੋਈ। ਸਾਰੇ ਸਿੱਖ ਸ਼ਹੀਦੀਆਂ ਪਾ ਗਏ ਭਾਈ ਮਹਾ ਸਿੰਘ ਇਹਨਾਂ ਦਾ ਜਥੇਦਾਰ ਸੀ। ਇਸ ਜੰਗ ਵਿੱਚ ਮਾਈ ਕੌਰ ਵੀ ਜਖਮੀ ਹੋ ਗਈ ।ਇਹਨਾਂ ਦੀ ਮੱਲਮ ਪੱਟੀ ਕੀਤੀ ਗਈ ।ਜਲ ਛਕਾਇਆ ਗਿਆ। ਮਾਈ ਭਾਗ ਕੌਰ ਨੇ ਯੁੱਧ ਦਾ ਸਾਰਾ ਹਾਲ ਗੁਰੂ ਜੀ ਨੂੰ ਸੁਣਾਇਆ।

ਸਿੱਖੀ ਦਾ ਪ੍ਰਚਾਰ ਕਰਨ ਲਈ ਆਪ ਗੁਰੂ ਜੀ ਦੇ ਸਿੱਖੀ ਦਾ ਪ੍ਰਚਾਰ ਕਰਨ ਲਈ ਆਪ ਮਾਤਾ ਭਾਗ ਕੌਰ ਗੁਰੂ ਜੀ ਦੇ ਨਾਲ ਰਹੇ ।ਆਪ ਆਪਣੇ ਰੰਗ ਵਿੱਚ ਬੇਪਰਵਾਹ ਵਿਚਰਦੀ ਰਹੀ। ਆਪ ਮਰਦਾਵੇਂ ਭੇਸ ਵਿੱਚ ਰਹਿੰਦੀ ਸੀ। ਦਮਦਮਾ ਸਾਹਿਬ ਵੀ ਗੁਰੂ ਜੀ ਦੇ ਨਾਲ ਰਹੀ। ਫਿਰ ਦੱਖਣ ਵੱਲ ਜਦੋਂ ਗੁਰੂ ਸਾਹਿਬ ਨਦੇੜ ਗਏ ਤਾਂ ਆਪ ਉਹਨਾਂ ਦੇ ਨਾਲ ਰਹੇ ।ਰਾਤ ਜਿੱਥੇ ਗੁਰੂ ਜੀ ਵਿਸ਼ਰਾਮ ਕਰਦੇ ਸਨ ਤਾਂ ਉਹ ਆਪ ਰਾਤ ਭਰ ਮਰਦਾਂ ਵਾਂਗ ਪਹਿਰਾ ਦਿੰਦੀ ਸੀ ।ਹਜ਼ੂਰ ਸਾਹਿਬ ਦੇ ਗੁਰਦੁਆਰਾ ਸਾਹਿਬ ਦੇ ਨਾਲ ਹੀ ਮਾਈ ਭਾਗ ਕੌਰ ਦਾ ਬੂੰਗਾ ਹੈ। ਜਦ ਤੱਕ ਆਪ ਜੀਵੀ ਮੋਏ ਮਨਾਂ ਨੂੰ ਜਿਉਂਦਿਆਂ ਰੱਖਿਆ ।ਆਪ ਅਤੇ ਜਗਤ ਨੂੰ ਤਾਰਦੀ ਰਹੀ ਇਹਨਾਂ ਦਾ ਨਾਂ ਸਦਾ ਹੀ ਇੱਜਤ ਮਾਣ ਸਤਿਕਾਰ ਨਾਲ ਸਿੱਖ ਧਰਮ ਵਿੱਚ ਲਿਆ ਜਾਂਦਾ ਹੈ।

ਅੱਜ ਲੋੜ ਹੈ ਹਰ ਗੁਰਸਿੱਖ ਮਾਂ ਨੂੰ ਹਰ ਧੀ ਤੇ ਭੈਣ ਨੂੰ ਐਸੀ ਮਹਾਨ ਬੀਬੀ ਜੀ ਦੇ ਜੀਵਨ ਤੋਂ ਸੇਧ ਲੈਣ ਦੀ ਗੁਰੂ ਘਰ ਤੇ ਵਿਸ਼ਵਾਸ ਰੱਖ ਕੇ ਅਤੇ ਦਸਵੇਂ ਗੁਰੂ ਦੀ ਦਿੱਤੀ ਮਰਿਆਦਾ ਅਤੇ ਉਪਦੇਸ਼ਾਂ ਨੂੰ ਮੰਨ ਕੇ ਸਿੱਖੀ ਉੱਤੇ ਪਹਿਰਾ ਦੇਣ ਦੀ।

ਆਪ ਜੀ ਦਾ ਸ਼ੁਭ ਚਿੰਤਕ ਪਾਠਕ।

**ਡਾਕਟਰ ਨਰਿੰਦਰ ਭੱਪਰ ਝਬੇਲਵਾਲੀ।**
**ਪਿੰਡ ਤੇ ਡਾਕਖਾਨਾ ਝਬੇਲਵਾਲੀ।**
**ਜਿਲਾ ਸ੍ਰੀ ਮੁਕਤਸਰ ਸਾਹਿਬ।**
**6284145349**

# ਸ਼ੁਭ ਸਵੇਰ ਦੋਸਤੋ

'ਮਾਘੀ' ਤੇ ਭਾਈ 'ਘਨਈਆ' ਜੀ ਨੂੰ ਯਾਦ ਕਰਦਿਆਂ॥

ਅੱਜ ਦੇ ਦਿਨ ਨਾਲ ਇਸ ਲਿਖਤ ਦਾ ਕੋਈ ਸਿੱਧਾ ਸੰਬੰਧ ਨਹੀਂ ਹੈ। ਇਤਹਾਸ ਦੇ ਪੱਤਰੇ ਫਰੋਲਦਿਆਂ ਸਪੱਸ਼ਟ ਹੋ ਜਾਂਦਾ ਹੈ ਕਿ 'ਮਨੁੱਖਤਾ ਦੀ ਸੇਵਾ' ਵਾਲੀ ਨੀਂਹ ਤਾਂ 1704 ਈਸਵੀਂ ਵਿੱਚ ਸ੍ਰੀ ਗੁਰੂ 'ਗੋਬਿੰਦ ਸਿੰਘ' ਜੀ ਨੇ, ਭਾਈ 'ਘਨਈਆ' ਜੀ ਦੀ ਦਰਿਆ ਦਿਲੀ ਵਾਲੀ ਸੋਚ ਰਾਹੀ ਰੱਖ ਦਿੱਤੀ ਸੀ। ਜਦੋ ਉਨ੍ਹਾਂ ਆਨੰਦਪੁਰ ਸਾਹਿਬ ਦੀ ਜੰਗ ਦੇ ਦੌਰਾਨ ਸੇਵਾ ਕੀਤੀ ਸੀ।

ਜਾਣਿਆ ਕਿ 'ਘਨਈਆ' ਜੀ ਨੇ ਇੱਕ ਸਮਰੱਥ ਵਪਾਰੀ ਪਰਿਵਾਰ ਦੀ ਸੋਚ ਨੂੰ ਤਿਆਗ ਕੇ, ਦਿਲਚਸਪੀ ਧਨ-ਦੌਲਤ ਦੀ ਬਜਾਇ ਸੇਵਾ ਤੇ ਮਾਨਵਤਾ ਵਿੱਚ ਦਿਖਾਈ ਸੀ, ਓਹ ਗੱਲ ਵੱਖਰੀ ਹੈ ਕੇ ਹੁਣ ਉਨ੍ਹਾਂ ਦਾ ਨਾਮ ਵਰਤ ਕੇ ਵਪਾਰ ਚਲਾਏ ਤੇ ਖੜ੍ਹੇ ਕੀਤੇ ਜਾ ਰਹੇ ਹਨ। ਉਹ ਸ੍ਰੀ ਗੁਰੂ 'ਹਰਿ ਰਾਇ' ਸਾਹਬ ਜੀ ਦੇ ਸੰਪਰਕ ਵਿੱਚ ਆਉਣ ਤੋਂ ਬਾਅਦ ਗੁਰੂ ਘਰ ਦੇ ਪ੍ਰਸੰਸਕ ਬਣੇ। ਸੇਵਾ ਭਾਵਨਾ ਦਾ ਉਨ੍ਹਾਂ ਵਿੱਚ ਅਡੋਲ ਉਤਸਾਹ ਸੀ। ਜਿਨ੍ਹਾਂ ਦਾ ਜਨਮ 1648 'ਚ ਤੇ ਪਿਛੋਕੜ ਪਿੰਡ ਸੋਢਾਰਾ (ਪਾਕਿਸਤਾਨ) ਭਾਈ ਨੱਥੂ ਰਾਮ ਜੀ ਤੇ ਮਾਤਾ ਸੁੰਦਰੀ ਜੀ ਦੀ ਕੁੱਖੋ ਹੋਇਆ ਦੱਸਿਆ ਜਾਂਦਾ ਹੈ। 'ਘਨਈਆ' ਜੀ ਦੀ ਮੌਤ 1718 ਵਿੱਚ ਕੀਰਤਪੁਰ ਸਾਹਿਬ ਵਿਖੇ ਹੋਈ। ਉਹ ਆਪਣੇ ਜੀਵਨ ਦਾ ਪੂਰਾ ਸਮਾਂ ਸੇਵਾ ਤੇ ਮਾਨਵਤਾ ਲਈ ਸਮਰਪਿਤ ਰਹੇ।

ਨੌਵੇਂ ਪਾਤਸ਼ਾਹ ਸ੍ਰੀ ਗੁਰੂ 'ਤੇਗ ਬਹਾਦਰ' ਸਾਹਿਬ ਜੀ ਦੇ ਸਮੇਂ ਓਹ ਗੁਰੂ ਘਰ ਨਾਲ ਐਸੇ ਜੁੜੇ ਕਿ ਸੇਵਾ ਨੂੰ ਹੀ ਜੀਵਨ ਦਾ ਆਦਰਸ਼ ਮੰਨ ਲਿਆ। ਸੇਵਾ ਕਰਦਿਆਂ ਉਨ੍ਹਾਂ ਹਉਮੈਂ ਨੂੰ ਕਦੇ ਨੇੜੇ ਨਹੀਂ ਢੁੱਕਣ ਦਿੱਤਾ। ਓਹ ਆਪਣੀ ਨਿਸਵਾਰਥ ਸੇਵਾ ਤੇ ਪਿਆਰ ਕਰਕੇ ਪ੍ਰਸਿੱਧ ਹੋਏ ਤਾਂ ਹੀ ਦਸਵੇਂ ਗੁਰੂ ਜੀ ਨੇ ਸਰਾਹਨਾ ਕੀਤੀ, ਪਾਣੀ ਦੇ ਨਾਲ ਦਵਾਈਆਂ ਦੇਣ ਤੇ ਜ਼ਖ਼ਮਾਂ ਉੱਪਰ ਮਰਹਮ ਲਗਾ ਕੇ ਸੇਵਾ ਕਰਨ ਦਾ ਵੀ ਹੁਕਮ ਦਿੱਤਾ। ਭਾਈ ਸਾਹਬ ਦੀ ਜੀਵਨ ਕਹਾਣੀ ਖਾਲਸੇ ਦੇ ਸਿਧਾਤਾਂ, ਮਾਨਵਤਾ, ਸੇਵਾ, ਬੇਦਭਾਵ, ਪਿਆਰ ਤੇ ਸੱਚ ਦੀ ਪ੍ਰਤੀਕ ਹੈ।

ਉਹ 'ਸੇਵਾ ਦੀ ਮੂਰਤ' ਅਥਵਾ 'ਮਹਾਨ ਸੇਵਕ' ਸਨ। ਉਨ੍ਹਾਂ ਦੀ ਪਾਣੀ ਵਾਲੀ ਮਸ਼ਕ ਸਾਂਝੀਵਾਲਤਾ ਦੀ ਨਿਸ਼ਾਨੀ ਬਣੀ। ਗੁਰੂ ਜੀ ਦੇ ਕਹੇ ਬੋਲ "ਹਰ ਮਨੁੱਖ ਵਿੱਚੋਂ ਪ੍ਰਭੂ ਦੇ ਰੂਪ ਨੂੰ ਵੇਖੋ" ਤੇ ਸਿੱਖੀ ਦੇ ਮੁੱਢਲੇ ਸਿਧਾਤਾਂ ਦਇਆ, ਸੇਵਾ ਅਤੇ ਪ੍ਰੇਮ ਨੂੰ ਸਮਰਪਿਤ ਹੋ ਕੇ ਪੂਰ ਚੜਾਇਆ, ਉਨ੍ਹਾਂ ਦਾ ਮਿਸ਼ਨ ਸਿਰਫ ਮਾਨਵਤਾ ਦੀ ਸੇਵਾ ਕਰਨਾ ਸੀ। ਉਨ੍ਹਾਂ ਦੇ ਸਿਧਾਂਤ 'ਰੈਡ ਕ੍ਰਾਸ' ਦੀ ਜ਼ਮੀਨ ਤਿਆਰ ਕਰ ਗਏ ਤੇ ਮਗਰੋਂ ਇਹ ਹੋਂਦ ਵਿੱਚ ਆਉਂਦੀ ਹੈ। ਉਨ੍ਹਾਂ ਦਾ ਸਮੁੱਚਾ ਜੀਵਨ ਸਾਨੂੰ ਮਾਨਵਤਾ ਪ੍ਰਤੀ ਸਾਡੀ ਜ਼ਿੰਮੇਵਾਰੀ ਨੂੰ ਯਾਦ ਦਿਲਾਉਂਦਾ ਹੈ। ਉਦੋਂ ਗੁਰੂ ਸਾਹਿਬ ਨੇ ਸਿੱਖਾਂ ਨੂੰ ਸਮਝਾਇਆ ਸੀ ਕਿ "ਇਹ ਤਾਂ ਬ੍ਰਹਮ ਗਿਆਨੀ ਦੀ ਅਵਸਥਾ ਨੂੰ ਪਹੁੰਚ ਚੁੱਕਾ ਹੈ। ਇਸ ਦੀ ਸੋਚ ਨਿਰਭਉ ਹੈ, ਨਿਰਵੈਰ ਹੈ, ਇਸ ਨੂੰ ਕੋਈ ਦੁਸ਼ਮਣ ਦਿਖਾਈ ਹੀ ਨਹੀਂ ਦਿੰਦਾ!" ਗੁਰੂ ਸਾਹਿਬ ਨੇ ਤਾਂ ਸਾਨੂੰ ਵੀ ਇਸੇ ਤਰ੍ਹਾਂ ਦੀ ਸੋਚ ਦਾ ਸੰਕਲਪ ਦਿੱਤਾ ਹੈ।

ਸਾਡੀ ਤ੍ਰਾਸਦੀ ਰਹੀ ਕਿ ਅਸੀਂ 'ਰੈੱਡ ਕਰਾਸ' ਦੇ ਅਸਲ ਬਾਨੀ ਬਾਰੇ ਦੁਨੀਆਂ ਨੂੰ ਦੱਸ ਹੀ ਨਹੀਂ ਸਕੇ। ਨਾ ਹੀ ਅਸੀਂ ਕੋਈ ਵਿਸ਼ਵ ਪੱਧਰ ਤੇ 'ਭਾਈ ਘਨਈਆ ਰੈੱਡ ਕਰਾਸ ਸੰਸਥਾ' ਦਾ ਕੋਈ ਗਠਨ ਕਰ ਸਕੇ, ਜਿਸ ਦੀਆਂ ਸ਼ਾਖਾਵਾਂ ਪੂਰੀ ਦੁਨੀਆਂ ਵਿੱਚ ਹੁੰਦੀਆਂ। ਪਰ 1999 'ਚ ਹੋਂਦ ਵਿੱਚ ਆਈ 'ਖਾਲਸਾ ਏਡ' ਨਾਂ ਦੀ ਸੰਸਥਾ ਨੇ ਵਿਸ਼ਵ ਪੱਧਰ ਤੇ ਸਾਡੇ ਅਕਸ ਨੂੰ ਜ਼ਰੂਰ ਸੁਧਾਰਿਆ ਹੈ। ਜਿਸ ਦੀਆਂ ਸ਼ਾਖਾਵਾਂ ਹੁਣ ਅਨੇਕਾਂ ਦੇਸ਼ਾਂ ਵਿੱਚ 'ਘਨਈਆ' ਜੀ ਦੀ ਸੋਚ ਨੂੰ ਸਮਰਪਿਤ ਕੰਮ ਕਰ ਰਹੀਆਂ ਹਨ, ਜੋ ਮਜਬੂਰਾਂ ਲਈ ਵਰਦਾਨ ਸਿੱਧ ਹੁੰਦੀਆਂ ਹਨ। ਦੁਨੀਆਂ ਭਰ ਵਿੱਚ ਕੋਈ ਵਿਪਤਾ ਪੈਣ ਤੇ ਇਸ ਸੰਸਥਾ ਦੇ ਵਲੰਟੀਅਰ, ਸਭ ਤੋਂ ਪਹਿਲਾਂ



ਪਹੁੰਚਦੇ ਹਨ ਜੋ ਕਿ ਪੰਜਾਬੀਆਂ ਲਈ ਤੇ ਖਾਸ ਕਰ ਸਿੱਖ ਭਾਈਚਾਰੇ ਲਈ, ਮਾਣ ਵਾਲੀ ਗੱਲ ਹੈ।

ਪਰ 'ਘਨਈਆ' ਜੀ ਦੇ ਮਿਸ਼ਨ ਲਈ ਅਜੇ ਬਹੁਤ ਕੁੱਝ ਕਰਨਾ ਬਾਕੀ ਹੈ। ਹੁਣ ਤਾਂ ਕੁੱਝ ਗਿਣੇ ਚੁਣੇ ਲੋਕ ਹੀ ਸੁੱਚੀ ਸੋਚ ਦੇ ਮਾਲਕ ਹਨ। ਜ਼ਿਆਦਾਤਰ ਅਜੋਕੇ ਮਨੁੱਖ ਦੇ ਸੁਭਾਉ ਵਿੱਚ ਸੁਆਰਥ ਪ੍ਰਧਾਨ ਹੈ। ਹਰ ਰੋਜ਼ ਅਰਦਾਸ 'ਚ ਤਾਂ ਅਸੀ ਸਰਬੱਤ ਦੇ ਭਲੇ ਦੀ ਦੁਹਾਈ ਪਾਉਂਦੇ ਹਾਂ, ਗੱਲਾਂ ਸੇਵਾ ਦੀਆਂ ਕਰਦੇ ਹਾਂ, ਪਰ ਉਝ ਹੁਣ ਚੋਰ-ਸਾਧ ਦੇ ਪਹਿਰਾਵੇ ਵਿੱਚ ਹੀ ਫ਼ਰਕ ਹੈ, ਕੰਮ ਦੋਵਾਂ ਦਾ ਦੋਵੇਂ ਹੱਥੀ ਲੁੱਟਣਾ ਹੈ। ਦਿਖਾਵਾ ਪ੍ਰਧਾਨ ਹੈ, ਬੀਬੀਆਂ ਦਾਹੜ੍ਹੀਆਂ ਜ਼ਿਆਦਾ ਜ਼ੁਲਮ ਕਰਦੀਆਂ ਹਨ। ਹਾਉਮੈਂ ਵਿੱਚ ਗ੍ਰਸਤ ਹੋਣ ਕਾਰਨ, ਸੇਵਾ ਦਾ ਕੋਈ ਲਾਭ ਨਹੀਂ ਹੋਣ ਵਾਲਾ।

"ਮਾਨਸ ਕੀ ਜਾਤਿ ਸਬੈ ਏਕੈ ਪਹਿਚਾਨਬੋ॥" ਦੇ ਮਹਾਂਵਾਕ ਅਨੁਸਾਰ ਅੱਜ ਹਰ ਸਿੱਖ ਨੂੰ ਲੋੜ ਹੈ ਭੇਦ ਭਾਵ ਤੋਂ ਉਪਰ ਉੱਠ ਕੇ ਮਨੁੱਖਤਾ ਦਾ ਭਲਾ ਸੋਚਣ ਤੇ ਕਰਨ ਦੀ, ਸੱਚ ਦੀ ਸੋਚ ਤੇ ਪਹਿਰਾ ਦੇਣ ਦੀ, ਨਿਰਸੁਆਰਥ ਹੋ ਕੇ ਮਨੁੱਖਤਾ ਤੇ ਵਿਸ਼ਵ ਸ਼ਾਂਤੀ ਲਈ ਸਾਰਥਿਕ ਕਦਮ ਚੁੱਕਣ ਦੀ। ਇਹ ਵੀ ਜਰੂਰੀ ਹੈ ਕਿ ਸ੍ਰੀ ਗੁਰੂ 'ਗੋਬਿੰਦ ਸਿੰਘ' ਜੀ ਵਲੋਂ ਭਾਈ 'ਘਨਈਆ' ਜੀ ਦੁਆਰਾ ਰੱਖੀ ਗਈ 'ਰੈੱਡ ਕਰਾਸ' ਦੀ ਨੀਂਹ ਨੂੰ ਕਿਸੇ ਤਰੀਕੇ ਨਾਲ ਗੂਗਲ ਦੀ ਜਾਣਕਾਰੀ ਵਿੱਚ ਦਰਜ ਕਰਾਈਏ ਤਾਂ ਜੋ ਸਾਰਾ ਵਿਸ਼ਵ ਸਾਡੇ ਮਾਣ ਮੱਤੇ ਇਤਿਹਾਸ ਤੋਂ ਜਾਣੂੰ ਹੋ ਸਕੇ ਕਿ... 'ਰੈੱਡ ਕਰਾਸ' ਦੀ ਸੋਚ ਦਾ ਅਸਲ ਬਾਨੀ 'ਘਨਈਆ' ਜੀ ਸਨ।

ਬੱਚਾ-ਬੱਚਾ ਜਾਣਦਾ ਹੈ ਕਿ 8 ਮਈ ਨੂੰ ਪੂਰੀ ਦੁਨੀਆਂ ਵਿੱਚ 'ਰੈੱਡ ਕਰਾਸ' ਦਿਵਸ ਮਨਾਇਆ ਜਾਂਦਾ ਹੈ। 'ਜਨੇਵਾ' ਸਵਿੱਟਜ਼ਰਲੈਂਡ ਦੇ ਵਾਸੀ 'ਹੈਨਰੀ ਡੂਨੈਂਟ' ਨੂੰ ਸੰਸਥਾ ਦਾ ਬਾਨੀ ਮੰਨਿਆਂ ਗਿਆ ਹੈ। ਸੁਣਿਆ 8 ਮਈ 1828 'ਚ ਜਨਮੇ, ਇਸ ਸ਼ਖਸ ਨੇ 1859 ਵਿੱਚ 'ਪਹਿਲੇ ਵਿਸ਼ਵ ਯੁੱਧ' ਦੌਰਾਨ- 40 ਹਜ਼ਾਰ ਤੋਂ ਵੱਧ ਫੌਜੀਆਂ ਨੂੰ, ਜ਼ਖਮੀ ਹੋ ਕੇ ਮਰਦੇ ਤੱਕਿਆ ਸੀ, ਜਿਸ ਕਰਕੇ ਕੋਮਲ ਹਿਰਦਾ ਵਿੰਨਿਆਂ ਗਿਆ। ਮਨੁੱਖਤਾ ਨੂੰ ਪਿਆਰ ਕਰਨ ਵਾਲੇ 'ਹੈਨਰੀ' ਦੇ ਅੰਦਰੋਂ ਸਮੁੱਚੀ ਮਾਨਵਤਾ ਲਈ ਇੱਕ ਹੂਕ ਨਿਕਲੀ, ਜਿਸ ਦੀ ਪੀੜ ਦਾ ਜ਼ਿਕਰ ਉਸ ਨੇ ਆਪਣੀ ਪੁਸਤਕ 'ਮੈਮਰੀ ਆਫ ਸੈਲਫਰੀਨੋ' ਵਿੱਚ ਕੀਤਾ ਹੈ। ਉਸ ਨੇ 'ਚਰਚ' ਨੂੰ ਜ਼ਖਮੀਆਂ ਦੀ ਸੇਵਾ ਸੰਭਾਲ ਲਈ, ਹਸਪਤਾਲ ਵਿੱਚ ਬਦਲਿਆ ਸੀ। ਬਾਅਦ ਵਿੱਚ ਮਨ ਸੰਸਥਾ ਬਨਾਉਣ ਦਾ ਵਿਚਾਰ ਆਇਆ, ਜੋ ਯੁੱਧ ਵੇਲੇ ਜਾਂ ਹੋਰ ਕਿਸੇ ਕੁਦਰਤੀ ਆਫਤਾਂ ਵੇਲੇ, ਬਿਨਾ ਕਿਸੇ ਭੇਦ ਭਾਵ ਤੋਂ, ਜ਼ਖਮੀਆਂ ਦੀ ਸੇਵਾ ਸੰਭਾਲ ਲਈ ਹਰ ਵੇਲੇ ਤਿਆਰ ਰਹੇ। ਵਿਸ਼ਵ ਭਰ ਦੇ ਚਿੰਤਕ ਮਨੁੱਖਾਂ ਨੂੰ ਵਿਚਾਰ ਪਸੰਦ ਆਇਆਂ। ਇਸ ਤਰ੍ਹਾਂ 26 ਅਕਤੂਬਰ 1863 ਨੂੰ 'ਰੈੱਡ ਕਰਾਸ' ਨਾਂ ਦੀ ਇੱਕ ਸੰਸਥਾ ਬਣੀ, ਵਿਸ਼ਵ ਸ਼ਾਂਤੀ ਲਈ ਕੀਤੇ ਉਪਰਾਲਿਆਂ ਸਦਕਾ ਜਿਸਨੂੰ 1901 ਵਿੱਚ 'ਨੋਬਲ ਪਰਾਈਜ਼' ਨਾਲ ਸਨਮਾਨਿਤ ਕੀਤਾ ਗਿਆ।

ਸਾਡੇ ਕੋਲ ਇਤਿਹਾਸ ਪੁਰਾਣਾ ਤੇ ਪਹਿਚਾਣ ਕੱਖ ਦੀ ਨਹੀਂ! ਸਾਡੇ ਪਹਿਲੇ ਗੁਰੂ ਨੇ ਦੁਕਾਨ ਨੂੰ ਗੁਰੂਘਰ ਬਣਾਇਆ ਸੀ, ਤਾਂ ਵਿਸ਼ਵ ਪ੍ਰਸਿੱਧ ਹੋਏ, ਅਸੀਂ ਗੁਰੂ ਘਰਾਂ ਨੂੰ ਦੁਕਾਨਾਂ ਬਣਾ ਲਿਆ। 'ਘਨਈਆ' ਜੀ ਗੁਰੂਆਂ ਦੇ ਜੀਵਨ ਤੋਂ ਪ੍ਰੇਰਤ ਹੋ ਕੇ, ਚੰਗਾ ਖਾਸਾ ਵਪਾਰ ਛੱਡ ਕੇ ਮਨੁੱਖਤਾ ਦੀ ਸੇਵਾ ਵੱਲ ਆਏ, ਪਰ ਹੁਣ ਇਹ ਧੰਦਾ ਵੀ ਕਈਆਂ ਲਈ ਵਧੀਆ ਕਾਰੋਬਾਰ ਦਾ ਸਾਧਨ ਬਣਿਆ ਹੋਇਆ ਹੈ। ਹੁਣ ਤਾਂ ਕੁਦਰਤ ਹੀ ਸਾਨੂੰ ਸਾਫ਼ ਸੁਧਰੇ ਅਕਸ ਵਾਲਾ ਜੀਵਨ ਜਿਉਣ ਦੀ ਅਕਲ ਬਖ਼ਸ਼ਿਸ਼ ਕਰੇ।

**ਹਰਫੂਲ ਸਿੰਘ**
**ਭੁੱਲਰ ਮੰਡੀ ਕਲਾਂ**
**9876870157**

# ਚਿੱਟਾ

ਅੱਜ ਵੀ ਜਦੋਂ ਮੈਂ ਬੀਤਿਆ ਸਮਾਂ ਯਾਦ ਕਰਦੀ ਹਾਂ ਤਾਂ ਮੇਰੀ ਰੂਹ ਕੰਬਣ ਲੱਗ ਜਾਂਦੀ ਹੈ, ਉਹ ਵੇਲਾ ਜਦੋਂ ਮੇਰਾ ਭਰਾ ਇੱਕ ਚੰਗੇ ਇਨਸਾਨ ਤੋਂ ਦੁਸ਼ਟ ਬਣਿਆ ਸੀ। ਮੇਰਾ ਭਰਾ ਮੇਰੇ ਤੋਂ ਚਾਰ ਸਾਲ ਵੱਡਾ ਸੀ। ਉਹ ਪੜ੍ਹਾਈ ਵਿੱਚ ਬਹੁਤ ਹੁਸ਼ਿਆਰ ਤੇ ਵਧੀਆ ਕੰਮਕਾਰ ਕਰਨ ਵਾਲਾ ਸੀ। ਉਹ ਮੇਰੇ ਬਾਪੂ ਨਾਲ ਖੇਤੀਬਾੜੀ ਦੇ ਕੰਮ ਵਿੱਚ ਹੱਥ ਵਟਾਉਂਦਾ। ਕਾਲਜ ਵਿੱਚ ਪੜਨ ਲੱਗਿਆ ਤਾਂ ਉਹ ਗਲਤ ਸੰਗਤ ਵਿੱਚ ਪੈ ਗਿਆ। ਹੌਲੀ ਹੌਲੀ ਉਹ ਪਿੰਡ ਦੇ ਨਸ਼ੇੜੀ ਮੁੰਡਿਆਂ ਦੀ ਢਾਣੀ ਵਿੱਚ ਬੈਠਣ ਲੱਗਾ। ਪਹਿਲਾਂ ਤਾਂ ਉਹ ਸਿਗਰਟਾਂ ਪੀਣ ਲੱਗਾ, ਫਿਰ ਗਾਂਜਾ, ਫਿਰ ਨਸ਼ੇ ਆਲੀਆਂ ਗੋਲੀਆਂ ਅਤੇ ਹੌਲੀ ਹੌਲੀ ਉਹ ਸਿਗਨੇਚਰ ਨਾਮਕ ਕੈਪਸੂਲ ਖਾਣ ਲੱਗ ਪਿਆ। ਘਰਦੇ ਸਮਝਾਉਂਦੇ ਤਾਂ ਲੜ ਪੈਂਦਾ। ਨਸ਼ੇ ਵਿੱਚ ਮੰਮੀ ਡੈਡੀ ਨੂੰ ਅਵਾ ਤਬਾ ਬੋਲਦਾ ਰਹਿੰਦਾ। ਕੁਝ ਸਮੇਂ ਬਾਅਦ ਘਰਦਿਆਂ ਨੇ ਸੋਚਿਆ ਕਿ ਇਸ ਦਾ ਵਿਆਹ ਕਰਨਾ ਠੀਕ ਰਹੇਗਾ ਜਦੋਂ ਬਾਲ ਬੱਚੇ ਤੇ ਕਬੀਲਦਾਰੀ ਗਲ਼ ਪਏਗੀ ਤਾਂ ਸੁਧਰ ਹੀ ਜਾਵੇਗਾ। ਜਲਦ ਹੀ ਝੂਠ ਬੋਲ ਕੇ ਕੁੜੀ ਵਾਲਿਆਂ ਤੋਂ ਨਸ਼ੇ ਵਾਲੀ ਗੱਲ ਲੁਕੋ ਕੇ ਮੇਰੇ ਭਰਾ ਦਾ ਵਿਆਹ ਕਰ ਦਿੱਤਾ। ਹੌਲੀ ਹੌਲੀ ਮੇਰੀ ਭਰਜਾਈ ਨੂੰ ਨਸ਼ੇ ਵਾਲੀ ਗੱਲ ਪਤਾ ਲੱਗ ਗਈ, ਪਰ ਹੁਣ ਉਹ ਕੀ ਕਰ ਸਕਦੀ ਸੀ?

ਮੇਰਾ ਭਰਾ ਸੁਧਰਨ ਦੀ ਬਜਾਏ ਹੋਰ ਜਿਆਦਾ ਵਿਗੜ ਗਿਆ। ਹੁਣ ਉਹ ਚਿੱਟਾ ਪੀਣ ਲੱਗ ਪਿਆ। ਜਦੋਂ ਚਿੱਟਾ ਪੰਨੀ ਤੇ ਨਸ਼ਾ ਕਰਨੋਂ ਹਟ ਗਿਆ ਤਾਂ ਉਹ ਟੀਕੇ ਲਾਉਣ ਲੱਗ ਪਿਆ।

ਇੱਕ ਦਿਨ ਜਦੋਂ ਮੇਰੇ ਡੈਡੀ ਦੀ ਮੌਤ ਹੋਈ ਤਾਂ ਉਹਨੂੰ ਸਿਵਿਆਂ ਚੋਂ ਟੀਕੇ ਲਾਉਂਦੇ ਨੂੰ ਫੜ ਕੇ ਲਿਆਂਦਾ, ਪਰ ਉਹ ਬਿਲਕੁਲ ਨਸ਼ੇ ਵਿੱਚ ਬੇਸੁਰਤ ਹੋਇਆ ਬੈਠਿਆ ਰਿਹਾ। ਮੇਰੀਆਂ ਅੱਖਾਂ ਵਿੱਚ ਵਹਿੰਦੇ ਅਸ਼ਕਾਂ ਨਾਲ ਮੈਂ ਹੌਸਲੇ ਨਾਲ ਉੱਠ ਕੇ ਆਪਣੇ ਪਿਓ ਦੀ ਅਰਥੀ ਨੂੰ ਮੋਢੇ ਤੇ ਚੁੱਕ ਲਿਆ, ਪਰ ਮੇਰੇ ਭਰਾ ਨੂੰ ਇਸ ਗੱਲ ਨਾਲ ਕੋਈ ਫਰਕ ਨਹੀਂ ਪਿਆ ਕਿ ਉਹ ਅੰਤਿਮ ਸਮੇਂ ਆਪਣੇ ਪਿਓ ਦਾ ਮੁੱਖ ਵੀ ਨਹੀਂ ਵੇਖ ਸਕਿਆ ਸੀ।ਉਸ ਤੋਂ ਬਾਅਦ ਵੀ ਨਸ਼ਿਆਂ ਵਾਲਾ ਸਿਲਸਿਲਾ ਨਿਰੰਤਰ ਐਵੇਂ ਹੀ ਚੱਲਦਾ ਰਿਹਾ। ਵਿਆਹ ਨੂੰ ਸਾਲ ਹੋ ਚੁੱਕਾ ਸੀ ਤੇ ਮੇਰੀ ਭਰਜਾਈ ਦੀ ਕੁੱਖ ਹਰੀ ਨਹੀਂ ਸੀ ਹੋਈ। ਡਾਕਟਰ ਨੇ ਦੱਸਿਆ ਕਿ ਸਿਗਨੇਚਰ ਕੈਪਸੂਲਾਂ ਦੇ ਸੇਵਨ ਕਾਰਨ ਮੇਰੇ ਭਰਾ ਵਿੱਚ ਕਮੀ ਹੈ ਤੇ ਇਹ ਕਦੇ ਵੀ ਪਿਉ ਨਹੀਂ ਬਣ ਸਕਦਾ। ਇਸ ਤਰ੍ਹਾਂ ਮੇਰੀ ਭਰਜਾਈ ਮੇਰੇ ਭਰਾ ਦੇ ਜਿਉਂਦੇ ਜਾਗਦੇ ਵੀ ਵਿਆਹੀ ਵਿਧਵਾ ਦੀ ਤਰ੍ਹਾਂ ਰਹਿ ਰਹੀ ਸੀ। ਇਕ ਦਿਨ ਸਿਵਿਆਂ ਵਿੱਚ ਕਈ ਮੁੰਡੇ ਚਿੱਟੇ ਦੇ ਟੀਕੇ ਲਾ ਰਹੇ ਸੀ। ਮੇਰਾ ਭਰਾ ਟੀਕਾ ਲਾਉਂਦਾ ਲਾਉਂਦਾ ਡਿੱਗ ਪਿਆ, ਜਦੋਂ ਬਾਕੀਆਂ ਨੇ ਦੇਖਿਆ ਕਿ ਇਹ ਤਾਂ ਮਰ ਚੁੱਕਿਆ ਹੈ ਤਾਂ ਉਹ ਉਥੋਂ ਭੱਜ ਗਏ। ਮੇਰੇ ਚਾਚੇ ਦੇ ਮੁੰਡੇ ਨੂੰ ਪਤਾ ਲੱਗਿਆ ਤਾਂ ਉਹ ਚੁੱਕ ਕੇ ਘਰੇ ਲੈ ਆਏ। ਸਾਡੇ ਘਰ ਰੋਣਾ ਪਿੱਟਣਾ ਪੈ ਗਿਆ। ਮੇਰੀ ਭਰਜਾਈ ਤੇ ਮਾਂ ਬਹੁਤ ਰੋ ਕੁਰਲਾ ਰਹੀਆਂ ਸਨ। ਮੈਨੂੰ ਮੇਰੀ ਰੋਂਦੀ ਹੋਈ ਭਰਜਾਈ ਵਿੱਚ ਆਪਣਾ ਭਵਿੱਖ ਦਿਖਣ ਲੱਗਿਆ ਕਿ ਜਿਸ ਕਦਰ ਮੇਰੇ ਭਰਾ ਨੇ ਬੇਗਾਨੀ ਧੀ ਨਾਲ ਧੋਖਾ ਕੀਤਾ ਹੈ ਉੱਕਣ ਹੀ ਸ਼ਾਇਦ ਭਵਿੱਖ ਵਿੱਚ ਮੇਰੇ ਨਾਲ ਵੀ ਇਹ ਘਟਨਾ ਵਾਪਰ ਜਾਵੇ। ਮੈਂ ਆਪਣੇ ਹੰਜੂ ਪੂੰਜ ਕੇ ਤੇ ਦਿਲ ਕਰੜਾ ਕਰਕੇ ਅਰਥੀ ਮੋਢੇ ਤੇ ਚੁੱਕ ਲਈ। ਜਿਸ ਭਰਾ ਤੋਂ ਮੈਨੂੰ ਉਮੀਦ ਸੀ ਕਿ ਮੈਨੂੰ ਆਪਣੇ ਮੋਢੇ ਨਾਲ ਲਾ ਕੇ ਮੇਰੀ ਡੋਲੀ ਵਿੱਚ ਬਿਠਾ ਕੇ ਮੈਨੂੰ ਵਿਦਾ ਕਰੇਗਾ। ਅੱਜ ਉਸੇ ਦੀ ਅਰਥੀ ਮੈਨੂੰ ਆਪਣੇ ਮੋਢੇ ਤੇ ਚੱਕਣੀ ਪੈ ਰਹੀ ਸੀ। ਇਸ ਚਿੱਟੇ ਨਾਮਕ ਪਦਾਰਥ ਨੇ ਮੇਰੇ ਭਰਾ ਤੇ ਸਾਡੇ ਪਰਿਵਾਰ ਦੀ ਜ਼ਿੰਦਗੀ ਨੂੰ ਕਾਲੀ ਕਰ ਦਿੱਤਾ ਸੀ। ਖਾਸ ਕਰਕੇ ਉਸ ਬੇਗਾਨੀ ਧੀ ਦੀ ਜ਼ਿੰਦਗੀ, ਭਰੀ ਜਵਾਨੀ ਵਿੱਚ ਹੀ ਬਰਬਾਦ ਹੋ ਗਈ, ਜਿਸ ਦਾ ਕੋਈ ਕਸੂਰ ਹੀ ਨਹੀਂ ਸੀ।



**ਹਰਪ੍ਰੀਤ ਕੌਰ ' ਪਾਪੜਾ '**
**ਜ਼ਿਲ੍ਹਾ- ਸੰਗਰੂਰ**

(ਭਾਗ 10)

# ਮੇਰਾ ਘੁਮਿਆਰਾ

"ਬਾਬਾ ਤੂੰ ਮੈਂਬਰ ਖੜ੍ਹਾਂ ਹੋ ਜਾ। ਜਿੱਤ ਜਾਵੇਂਗਾ।" ਮੇਰੇ ਦਾਦਾ ਜੀ ਦੀ ਦੁਕਾਨ ਤੇ ਖੜ੍ਹੇ ਬਾਬੇ ਜੱਸੇ ਨੂੰ ਮੈਂ ਕਿਹਾ। ਓਦੋਂ ਮੇਰੀ ਉਮਰ ਕੋਈਂ ਦਸ ਬਾਰਾਂ ਸਾਲ ਦੀ ਸੀ। ਪਿੰਡ ਚ ਪੰਚਾਇਤੀ ਚੋਣਾਂ ਲਈ ਮਾਹੌਲ ਗਰਮ ਸੀ। ਓਹੀ ਹੋਇਆ ਬਾਬਾ ਜੱਸਾ ਖੜ੍ਹਾਂ ਹੋ ਗਿਆ ਤੇ ਜਿੱਤਕੇ ਪੰਚਾਇਤ ਮੈਂਬਰ ਬਣ ਗਿਆ। ਸ਼ਾਇਦ ਇਹ ਇਤਫ਼ਾਕ ਹੀ ਸੀ।

"ਮੈਨੂੰ ਇਸ ਪੋਤਰੇ ਨੇ ਮੈਂਬਰ ਬਣਾਇਆ ਹੈ।" ਉਹ ਮੇਰੇ ਵੱਲ ਇਸ਼ਾਰਾ ਕਰਕੇ ਹਰ ਇੱਕ ਨੂੰ ਦੱਸਦਾ।

ਇੱਥੇ ਸਾਹਿਬ ਸਿੰਘ ਲੰਬੜਦਾਰ ਤੋਂ ਗੱਲ ਸ਼ੁਰੂ ਕਰਦੇ ਹਾਂ। ਉਹ ਮੇਰੇ ਦਾਦਾ ਜੀ ਦਾ ਪਾਗੀ ਸੀ। ਉਸਦਾ ਵੱਡਾ ਲੜਕਾ ਦਲੇਰ ਸਿੰਘ ਮੇਰੇ ਪਾਪਾ ਜੀ ਦਾ ਸਹਿਪਾਠੀ ਸੀ। ਜੰਗ ਫੌਜੀ ਵੀ ਮੇਰੇ ਦਾਦਾ ਜੀ ਦਾ ਖਾਸ ਲਿਹਾਜੀ ਸੀ। ਉਸਦਾ ਦਾ ਭਰਾ ਹਾਕਮ ਚੁਬਾਰਾ ਵੀ ਵਧੀਆ ਬੰਦਾ ਸੀ। ਭਾਵੇਂ ਉਹ ਸੁਭਾਅ ਦਾ ਅੜਬ ਸੀ ਪ੍ਰੰਤੂ ਮੇਰਾ ਮੋਹ ਕਰਦਾ ਸੀ। ਉਹ ਮੈਨੂੰ ਆਪਣੇ ਮੁੰਡੇ ਦੀ ਬਰਾਤ ਰਾਜਸਥਾਨ ਦੇ ਪਿੰਡ ਸਾਬੂਆਣੇ ਲੈਕੇ ਗਿਆ। ਇਸ ਤੋਂ ਪਹਿਲਾਂ ਜਾਂ ਬਾਅਦ ਵਿੱਚ ਮੈਂ ਪਿੰਡੋਂ ਕਦੇ ਕਿਸੇ ਦੀ ਬਰਾਤ ਨਹੀਂ ਗਿਆ।

"ਪੋਤਰਿਆ ਤੂੰ ਤਿਆਰ ਰਹੀਂ ਜੰਞ ਜਾਣ ਲਈ।" ਬਾਬੇ ਚੁਬਾਰੇ ਨੇ ਇੱਕ ਦਿਨ ਮੈਨੂੰ ਤਾਕੀਦ ਕਰਦੇ ਹੋਏ ਕਿਹਾ ਸੀ। ਉਸਨੇ ਮੇਰੇ ਦਾਦਾ ਜੀ ਨੂੰ ਵੀ ਇਸ ਬਾਰੇ ਪੱਕਾ ਕੀਤਾ। ਬਾਬੇ ਜੰਗ ਫੌਜੀ ਦੇ ਪਿਤਾ ਦਾ ਨਾਮ ਬਦਨ ਸਿੰਘ ਸੀ। ਮੈਂ ਉਸਨੂੰ ਨੋਹਰੇ ਦੇ ਦਰਵਾਜ਼ੇ ਵਿੱਚ ਮੰਜੇ ਤੇ ਅਰਾਮ ਕਰਦੇ ਹੀ ਵੇਖਦਾ। ਸਾਡੇ ਘਰਾਂ ਕੋਲ੍ਹ ਕਪੂਰ ਰੱਬ ਵੀ ਰਹਿੰਦਾ ਸੀ। ਉਹ ਮੇਰੇ ਦਾਦਾ ਜੀ ਕੋਲ੍ਹ ਰੋਜ਼ ਗੇੜੀ ਮਾਰਦਾ ਸੀ। ਘੁਮਿਆਰੇ ਪਿੰਡ ਦੇ ਕਈ ਲੋਕਾਂ ਦੇ ਨਾਮ ਹੀ ਅਜੀਬ ਜਿਹੇ ਸਨ ਜਿਵੇਂ ਤਾਇਆ ਗੈਂਠੀ, ਗਲੋਲੂ, ਕੁਤਨ, ਲੀਫੂ ਵਗੈਰਾ। ਹਰੀਜਨ ਵੇਹੜੇ ਵਾਲਾ ਤਾਇਆ ਹਰਦਿਆਲ ਪੰਚ ਵੀ ਪੂਰਾ ਪੰਚਾਇਤੀ ਬੰਦਾ ਸੀ। ਪਹਿਲਾਂ ਮੁਕੰਦ ਸਿੰਘ ਸਰਪੰਚ ਹੁੰਦਾ ਸੀ ਫਿਰ ਨਰ ਸਿੰਘ ਸਰਪੰਚ ਬਣਿਆ। ਇੱਕ ਜੋਗੇ ਵਾਲਾ ਵੀ ਪਿੰਡ ਦਾ ਸਰਪੰਚ ਰਿਹਾ। ਸਾਡੇ ਘਰਾਂ ਕੋਲ੍ਹ ਰਹਿੰਦੇ ਬਾਬਾ ਬਲਬੀਰ ਅਤੇ ਸਰਬਨ ਦੋਨੇ ਸਕੇ ਭਰਾ ਸਨ। ਇਹਨਾਂ ਦਾ ਪਰਿਵਾਰ ਵੱਡਾ ਸੀ। ਬਾਬੇ ਬਲਬੀਰ ਦਾ ਮੁੰਡਾ ਬਾਬੂ ਸਿੰਘ ਮੇਰੇ ਪਾਪਾ ਦਾ ਦੋਸਤ ਸੀ ਜੋ ਬਅਾਦ ਵਿਚ ਸਰਪੰਚ ਬਣਿਆ ਤੇ ਉਸਦੇ ਛੋਟੇ ਭਰਾ ਛੋਟਾ ਸਿੰਘ ਤੇ ਥਾਣਾ ਸਿੰਘ ਪੂਰੀ ਲਿਹਾਜ ਰੱਖਦੇ। ਪਿੰਡ ਦੇ ਕਈ ਬੰਦੇ ਪੁਲਸ ਮੁਲਾਜਿਮ ਸਨ ਤੇ ਕਈ ਫੌਜ ਵਿੱਚ ਸਨ। ਬਲਦੇਵ ਥਾਣੇਦਾਰ ਮਸ਼ਹੂਰ ਸੀ ਤੇ ਬਾਅਦ ਵਿੱਚ ਜਨਕ ਸਿੰਘ ਡੀ ਐਸ ਪੀ ਬਣਿਆ। ਉਸਦਾ ਛੋਟਾ ਭਰਾ ਅਜਮੇਰ ਮੇਰੇ ਨਾਲ ਪੜ੍ਹਦਾ ਸੀ। ਮੇਰੇ ਦੋਸਤ ਗੁਰਮੀਤ ਦਾ ਭਰਾ ਚੰਡੀਗੜ੍ਹ ਕਿਸੇ ਚੰਗੇ ਆਹੁਦੇ ਤੇ ਸੀ। ਨੰਦ ਗਿਆਨੀ ਅਤੇ ਲੋਹਾਰੇ ਵਾਲਾ ਕਰਤਾਰ ਵੀ ਪੜ੍ਹਿਆਂ ਲਿਖਿਆਂ ਵਿੱਚ ਗਿਣੇ ਜਾਂਦੇ ਸਨ। ਮੇਰੇ ਪਾਪਾ ਜੀ ਮਾਲ ਪਟਵਾਰੀ ਸਨ। ਇੱਕ ਪਿੰਡ ਦੇ ਸੇਠ ਤੇ ਫਿਰ ਮੁਲਾਜਿਮ। ਲੋਕ ਵਾਹਵਾ ਇੱਜਤ ਕਰਦੇ ਸਨ। ਮੇਰੇ ਦਾਦਾ ਸ੍ਰੀ ਹਰਗੁਲਾਲ ਜੀ ਪਿੰਡ ਦੇ ਧੜਵਾਈ ਸਨ। ਉਹ ਜਿੰਮੀਦਾਰਾਂ ਦੇ ਖੇਤਾਂ ਦਾ ਕੰਮ ਕਰਾਉਣ ਵਾਲੇ ਸੀਰੀਆਂ ਦਾ ਹਿਸਾਬ ਕਿਤਾਬ ਲਿਖਦੇ। ਫਸਲ ਆਉਣ ਤੇ ਸਾਰੀ ਫਸਲ ਤੋਲਕੇ ਸੀਰੀ ਦਾ ਹਿੱਸਾ ਅਨਾਜ ਦੇ ਰੂਪ ਵਿੱਚ ਦਿੰਦੇ। ਉਹ ਸਾਰੀ ਸਾਰੀ ਰਾਤ ਬੋਹਲ ਤੋਲਦੇ ਰਹਿੰਦੇ। ਵਿਆਹਾਂ ਦੇ ਮੌਕੇ ਉਹ ਵਿਆਹ ਲਈ ਆਏ ਨਿਉਂਦਰੇ ਨੂੰ ਲਾਲ ਵਹੀਆਂ ਤੇ ਲਿਖਦੇ। ਸਾਡੇ ਘਰ ਇੱਕ ਅਲਮਾਰੀ ਇਹਨਾਂ ਵਹੀਆਂ ਨਾਲ ਭਰੀ ਹੁੰਦੀ ਸੀ। ਵਿਆਹ ਵੇਲੇ ਉਹ ਤੱਕੜੀ ਨਾਲ ਤੋਲਕੇ ਸਰੀਕੇ ਕਬੀਲੇ ਦੇ ਘਰਾਂ ਚ ਪਰੋਸੇ ਭੇਜਦੇ। ਵਿਆਹ ਵਾਲੇ ਘਰ ਵੱਲੋਂ ਵਿਆਹ ਤੋਂ ਕੁਝ ਦਿਨ ਪਹਿਲਾਂ ਘਰੇ ਹਲਵਾ ਬਣਾਇਆ ਜਾਂਦਾ ਸੀ ਜੋ ਕਿੱਲੋ, ਦੋ ਕਿੱਲੋ ਤੋਲਕੇ ਥਾਲੀਆਂ ਰਾਹੀਂ ਲੋਕਾਂ ਘਰੇ ਭੇਜਿਆ ਜਾਂਦਾ ਸੀ। ਪਿੰਡ ਦਾ ਨਾਈ ਨਾਲੇ ਪਰੋਸਾ ਦੇ ਕੇ ਆਉਂਦਾ ਨਾਲੇ ਅਗਲੇ ਨੂੰ ਨਿਉਂਦਰਾ ਪਾਉਣ ਦਾ ਸੱਦਾ ਦੇਕੇ ਆਉਂਦਾ। ਇਸ ਕੰਮ ਲਈ ਸਾਡੇ ਘਰ ਤਿੰਨ ਸੌ ਦੇ ਕਰੀਬ ਪਿੰਡ ਦੀਆਂ ਸਾਂਝੀਆਂ ਕਿਨਾਰੇ ਵਾਲੀਆਂ ਪਿੱਤਲ ਦੀਆਂ ਥਾਲੀਆਂ ਸਨ। ਪਿੰਡ ਵਾਲੇ ਦਾਦਾ ਜੀ ਨੂੰ ਸੇਠ ਜਾਂ ਸੇਠਾ ਆਖਕੇ ਬੁਲਾਉਂਦੇ। ਵੱਡੇ ਛੱਪੜ ਕੋਲ੍ਹ ਰਹਿੰਦੇ ਬਾਬੇ ਪ੍ਰੀਤਮ ਸਿੰਘ ਹੁਰੀ ਕਈ ਭਰਾ ਸਨ। ਚਿੱਟੀ ਦਾਹੜੀ ਵਾਲਾ ਬਾਬਾ ਪ੍ਰੀਤਾ ਬੁਢਾਪੇ ਵਿੱਚ ਵੀ ਸਾਈਕਲ ਚਲਾਉਂਦਾ ਤੇ ਬਰੇਕਾਂ ਦੀ ਬਜਾਇ ਜਮੀਨ ਤੇ ਪੈਰ ਲਗਾਕੇ ਸਾਈਕਲ ਰੋਕਦਾ। ਉਹ ਮੇਰੇ ਦੋਸਤ ਬਲਦੇਵ ਕੱਛੂ ਦਾ ਦਾਦਾ ਸੀ ਤੇ ਸਾਰੇ ਭਰਾਵਾਂ ਨਾਲੋਂ ਨਰਮ ਸੀ। ਸਾਡੇ ਨਾਲ ਦੀ ਗਲੀ ਵਿਚ ਰਹਿੰਦੇ ਤਾਏ ਜੋਗਿੰਦਰ ਹੁਰੀ ਵੀ ਕਈ ਭਰਾ ਸਨ। ਤਾਇਆ ਰੰਗਾ ਸਭ ਤੋਂ ਛੋਟਾ ਸੀ। ਅਸੀਂ ਉਹਨਾਂ ਘਰੋਂ ਲੱਸੀ ਲੈਣ ਜਾਂਦੇ। ਤਾਈਂ ਦਾ ਵੱਡਾ ਮੁੰਡਾ ਓਦੋਂ ਛੋਟਾ ਹੀ ਸੀ ਜੋ ਬਹੁਤ ਗੋਰਾ ਸੀ। ਇਸ ਕਰਕੇ ਇਸ ਘਰ ਨੂੰ ਅਸੀਂ ਗੋਰੇ ਮੁੰਡੇ ਕੇ ਹੀ ਕਹਿੰਦੇ। ਇਹਨਾਂ ਨਾਲ ਤਾਏ ਭੂਰੇ ਦਾ ਘਰ ਸੀ। ਇਹ ਤਾਇਆ ਪੂਰਾ ਲੜਾਕਾ ਸੀ ਲੜ੍ਹਨ ਭਜੜਨ ਨੂੰ ਤਿਆਰ ਰਹਿੰਦਾ ਸੀ। ਕੇਰਾਂ ਉਸਨੇ ਪਿੰਡ ਆਲੇ ਯੋਧੇ ਨੂੰ ਖੂਬ ਖੜਕਾਇਆ। ਤਾਇਆ ਗੰਡਾਸਾ ਲੈਕੇ ਉਸ ਤੇ ਟੁੱਟ ਪਿਆ। ਯੋਧਾ ਆਪਣੇ ਘਰ ਨੂੰ ਭੱਜ ਗਿਆ। ਯੋਧਾ ਨਿਹੰਗ ਬਾਣੇ ਵਿੱਚ ਰਹਿੰਦਾ ਸੀ ਤੇ ਬਹੁਤ ਬੋਲਦਾ ਸੀ। ਖੌਰੇ ਉਹ ਕੋਈ ਨਸ਼ਾ ਕਰਦਾ ਸੀ। ਤਾਏ ਭੂਰੇ ਦੇ ਘਰ ਦੇ ਨਾਲ ਹੀ ਤਾਏ ਜੰਗ ਸਿੰਹੁ ਅਤੇ ਭਾਗ ਸਿਹੁੰ ਦਾ ਘਰ ਸੀ। ਤਾਏ ਭਾਗ ਸਿੰਘ ਦਾ ਮੁੰਡਾ ਕੰਤੀ ਮੇਰਾ ਸਹਿਪਾਠੀ ਵੀ ਸੀ। ਸੱਥ ਤੋਂ ਵੱਡੇ ਛੱਪੜ ਨੂੰ ਆਉਂਦੇ ਤਾਏ ਬੀਜੇ ਦਾ ਘਰ ਸੀ। ਉਹਨਾਂ ਦੇ ਬਾਰ ਮੂਹਰੇ ਪਾਣੀ ਵਾਲਾ ਨਲਕਾ ਲੱਗਿਆ ਹੋਇਆ ਸੀ। ਜਿਸ ਦੀ ਇੱਕ ਪਾਈਪ ਉਹਨਾਂ ਨੇ ਆਪਣੇ ਘਰ ਪਵਾਈ ਹੋਈ ਸੀ। ਉਹ ਬਾਹਰੋਂ ਨਲਕਾ ਗੇੜਦੇ ਤੇ ਅੰਦਰ ਪਸ਼ੂਆਂ ਨੂੰ ਪਾਣੀ ਪਿਆ ਲੈਂਦੇ। ਉਹਨਾਂ ਦੀ ਇਸ ਸਹੂਲੀਆਤ ਨੂੰ ਵੇਖਕੇ ਅਸੀ ਹੈਰਾਨ ਹੁੰਦੇ। ਦੂਜਾ ਨਲਕਾ ਬਾਬੇ ਰੌਣਕੀ ਦੇ ਘਰ ਮੂਹਰੇ ਪਿੰਡ ਦੀ ਕੱਚੀ ਥਿਆਈ ਮੂਹਰੇ ਸੀ। ਸੁਣਿਆ ਸੀ ਕਿ ਬਾਬਾ ਸੰਪੂਰਨ ਜੋ ਕਦੇ ਦੇਵੀ ਲਾਲ ਨਾਲ ਕੁਸ਼ਤੀ ਲੜਦਾ ਸੀ। ਉਸ ਦੇ ਤਿੰਨ ਮੁੰਡੇ ਸਨ ਤਾਇਆ ਜੈਬਾ ਬਾਹਰ ਡਿੱਗੀ ਕੋਲ੍ਹ ਰਹਿੰਦਾ ਸੀ। ਉਹਨਾਂ ਕੋਲ੍ਹ ਬਹੁਤ ਵੱਡਾ ਟਰੈਕਟਰ ਸੀ। ਵਿਚਕਾਰਲਾ ਉਸ ਤੋਂ ਵੀ ਅੱਗੇ ਡਿੱਗੀ ਦੇ ਪਿਛਲੇ ਪਾਸੇ ਵੱਡੇ ਨੋਹਰੇ ਚ। ਉਸਦੇ ਨੇੜੇ ਹੀ ਬਾਬੇ ਗਿਆਨੇ ਅਤੇ ਉਸਦੇ ਭਰਾ ਮੱਲੇ ਬੋਲੇ ਦਾ ਘਰ ਸੀ। ਬਾਬੇ ਸੰਪੂਰਨ ਕੇ ਘਰ ਦੇ ਨਾਲ ਹੀ ਇੱਕ ਲੰਬਾ ਜਿਹਾ ਘਰ ਹੋਰ ਸੀ। ਉਹਨਾ ਦਾ ਇੱਕ ਜਵਾਨ ਮੁੰਡਾ ਬੋਘਾ ਜੋ ਵਾਲੀਬਾਲ ਦਾ ਵਧੀਆ ਖਿਡਾਰੀ ਸੀ ਅਚਾਨਕ ਮਰ ਗਿਆ ਸੀ। ਉਸਦੀ ਮੰਗਣੀ ਹੋਈ ਨੂੰ ਕੁਝ ਸਮਾਂ ਹੀ ਹੋਇਆ ਸੀ। ਕਹਿੰਦੇ ਬੋਘੇ ਦਾ ਇੱਕ ਵੱਡਾ ਭਰਾ ਸੀ ਜੋ ਪਹਿਲਾਂ ਗੁਜ਼ਰ ਗਿਆ ਸੀ। ਬਾਬੇ ਦੇ ਕਈ ਕੁੜੀਆਂ ਸਨ। ਫਿਰ ਬਾਬੇ ਨੇ ਵੱਡੀ ਉਮਰ ਵਿੱਚ ਵਿਆਹ ਕਰਵਾ ਲਿਆ। ਜਿਸ ਤੋਂ ਜੁੜਵਾਂ ਮੁੰਡੇ ਹੋਏ। ਲੋਕੀ ਕਹਿੰਦੇ ਬੋਘਾ ਤੇ ਮੋਘਾ ਵਾਪਿਸ ਆ ਗਏ।

ਪਿੰਡ ਦੇ ਬਾਹਰ ਫਿਰਨੀ ਕੋਲ੍ਹ ਰਹਿੰਦੇ ਬਾਬੇ ਵਰਿਆਮੇ ਕਿਆਂ ਨੂੰ ਦਰਵੇਸ਼ ਕਹਿੰਦੇ ਸਨ। ਵੀਰਵਾਰ ਨੂੰ ਉਹ ਸੰਗਤ ਲਾਉਂਦੇ। ਬਾਬਾ ਗੁੱਡੀ ਭਗਤ ਉੱਚੀ ਆਵਾਜ਼ ਵਿੱਚ ਸ਼ਬਦ ਬੋਲਦਾ। ਰਾਤ ਟਿਕੀ ਹੋਣ ਕਰਕੇ ਉਹ ਪਿੰਡ ਦੀ ਦੂਜੀ ਜੂਹ ਤੱਕ ਸੁਣਦਾ। ਹੁਣ ਮਹਾਂ ਸਿੰਘ ਕਮਲੇ ਦਾ ਜਿਕਰ ਕਰਨਾ ਵੀ ਜਰੂਰੀ ਹੈ। ਉਸ ਨੂੰ ਕਮਲਾ ਕਿਉਂ ਕਹਿੰਦੇ ਸਨ ਇਸ ਦੇ ਕਈ ਕਿੱਸੇ ਮਸ਼ਹੂਰ ਸਨ। ਪੂਰਾ ਪਿੰਡ ਗਰੀਬ ਅਤੇ ਮੱਧਵਰਗੀ ਪਰਿਵਾਰਾਂ ਦਾ ਸੀ। ਲੋਕਾਂ ਦੇ ਕਿਰਦਾਰ ਵਧੀਆ ਸਨ। ਘੁਮਿਆਰਾ ਮੇਰੀ ਜਨਮ ਭੂਮੀ ਹੈ। ਮੇਰੀਆਂ ਰਗਾਂ ਵਿੱਚ ਘੁਮਿਆਰੇ ਦੀ ਮਿੱਟੀ ਅਤੇ ਖੁਸ਼ਬੋ ਸਮਾਈ ਹੋਈ ਹੈ।



**ਰਮੇਸ਼ ਸੇਠੀ ਬਾਦਲ**

# ਤਖਤ ਸ੍ਰੀ ਦਮਦਮਾ ਸਾਹਿਬ ਤਲਵੰਡੀ ਵਿਖੇ ਮਾਘੀ ਮੌਕੇ ਵੱਡੀ ਗਿਣਤੀ ਵਿਚ ਸੰਗਤਾਂ ਹੋਈਆਂ ਨਤਮਸਤਕ, ਗੁਰੂ ਕਾਸ਼ੀ ਸਾਹਿਤ ਸਭਾ ਤੇ ਕਵੀਸ਼ਰੀ ਵਿਕਾਸ ਮੰਚ ਤਲਵੰਡੀ ਦੇ ਕਵੀਸ਼ਰੀ ਜਥਿਆਂ ਨੇ ਕੀਤੀਆਂ ਸੰਗਤਾਂ ਨਿਹਾਲ







**(ਬਠਿੰਡਾ)** ਮਾਘੀ ਦੇ ਸ਼ੁੱਭ ਦਿਹਾੜੇ ਤੇ ਸੰਗਤਾਂ ਨੇ ਵੱਡੀ ਗਿਣਤੀ ਚ ਪਵਿੱਤਰ ਸਰੋਵਰਾਂ 'ਚ ਇਸ਼ਨਾਨ ਕੀਤਾ ਅਤੇ ਤਖਤ ਸ੍ਰੀ ਦਮਦਮਾ ਸਾਹਿਬ ਵਿਖੇ ਨਤਮਸਤਕ ਹੋਈਆਂ। ।ਇਸ ਮੌਕੇ ਸੰਗਤਾਂ ਵਿਚ ਸ਼ਰਧਾ , ਖੁਸ਼ੀ ਤੇ ਭਾਰੀ ਉਤਸ਼ਾਹ ਦਾ ਮਾਹੌਲ ਵੇਖਣ ਵਾਲਾ ਸੀ । ਸੰਗਤਾਂ ਵਾਸਤੇ ਸੇਵਾਦਾਰਾਂ ਵਲੋਂ ਥਾਂ ਥਾਂ ਲੰਗਰ ਲਗਾਏ ਹੋਏ ਸਨ।ਮੇਲੇ ਵਿਚ ਗੁਰੂ ਕਾਸ਼ੀ ਸਾਹਿਤ ਸਭਾ ਅਤੇ ਕਵੀਸ਼ਰੀ ਵਿਕਾਸ ਮੰਚ ਤਲਵੰਡੀ ਸਾਬੋ ਦੇ ਸਾਹਿਤਕਾਰਾਂ ਵੱਲੋਂ ਕਵੀਸ਼ਰੀ ਦਰਬਾਰ ਕਰਵਾਇਆ ਗਿਆ ,ਜਿਸ ਵਿਚ ਵੱਖੋ-ਵੱਖ ਕਵੀਸ਼ਰੀ ਜਥਿਆਂ ਨੇ ਖੂਬ ਰੰਗ ਬੰਨ੍ਹ ਕੇ ਸੰਗਤਾਂ ਨੂੰ ਨਿਹਾਲ ਕੀਤਾ।ਇਸ ਮੌਕੇ ਉਂਘੇ ਕਵੀਸ਼ਰ ਦਰਸ਼ਨ ਸਿੰਘ ਭੰਮੇ ,ਦਰਸ਼ਨ ਸਿੰਘ ਚੱਠਾ ਪ੍ਰਧਾਨ ਗੁਰੂ ਕਾਸ਼ੀ ਸਾਹਿਤ ਸਭਾ ਤਲਵੰਡੀ ਸਾਬੋ, ਮਾਸਟਰ ਰੇਵਤੀ ਰਮਨ ਸ਼ਰਮਾ ਪ੍ਰਧਾਨ ਕਵੀਸ਼ਰੀ ਮੰਚ , ਸੁਖਮਿੰਦਰ ਸਿੰਘ ਭਾਗੀਵਾਂਦਰ ਪ੍ਰਧਾਨ ਦਮਦਮਾ ਸਾਹਿਬ ਸਾਹਿਤ ਸਭਾ ਤਲਵੰਡੀ ਸਾਬੋ, ਸੁਰਜੀਤ ਸਿੰਘ ਰਾਜਪੂਤ, ਚੇਤਾ ਸਿੰਘ ਮਹਿਰਮੀਆ,ਕਵੀਸ਼ਰ ਬੰਤ ਸਿੰਘ ਜੌੜਕੀਆਂ ਅਤੇ ਹੋਰ ਬਹੁਤ ਸਾਰੇ ਸਾਹਿਤਕਾਰ ਤੇ ਕਵੀਸ਼ਰੀ ਜਥੇ ਹਾਜਰ ਸਨ।

**ਅਮਰਜੀਤ ਸਿੰਘ ਜੀਤ**
94172 87122








# ‘ਅੰਤਰਰਾਸ਼ਟਰੀ ਸਾਹਿਤਕ ਸਾਂਝਾਂ ਵੱਲੋਂ ਨਵੇਂ ਵਰ੍ਹੇ ਨੂੰ ਸਮਰਪਿਤ ਅੰਤਰਰਾਸ਼ਟਰੀ “ਗਾਉਂਦੀ ਸ਼ਾਇਰੀ “ ਪ੍ਰੋਗਰਾਮ ਅਮਿੱਟ ਪੈੜਾਂ ਛੱਡਦੀ ਹੋਈ ਸਮਾਪਤ ’

**ਬਰੇਂਪਟਨ ( ਰਮਿੰਦਰ ਵਾਲੀਆ )** ਅੰਤਰਰਾਸ਼ਟਰੀ ਸਾਹਿਤਿਕ ਸਾਂਝਾਂ ਵੱਲੋਂ 12 ਜਨਵਰੀ ਐਤਵਾਰ ਨੂੰ ਮਹੀਨਾਵਾਰ ਅੰਤਰਰਾਸ਼ਟਰੀ ਕਾਵਿ ਮਿਲਣੀ ਪ੍ਰੋਗਰਾਮ ਕਰਵਾਇਆ ਗਿਆ , ਜਿਸ ਵਿੱਚ “ ਗਾਉਂਦੀ ਸ਼ਾਇਰੀ “ ਸਿਰਲੇਖ ਹੇਠ ਦੇਸ਼ ਵਿਦੇਸ਼ ਤੋਂ ਬਹੁਤ ਸਾਰੇ ਸ਼ਾਇਰਾਂ ਨੇ ਹਿੱਸਾ ਲਿਆ ।ਅੰਤਰਰਾਸ਼ਟਰੀ ਸਾਹਿਤਕ ਸਾਂਝਾਂ ਦੇ ਫ਼ਾਊਂਡਰ ਤੇ ਪ੍ਰਬੰਧਕ ਰਮਿੰਦਰ ਵਾਲੀਆ ਰੰਮੀ ਜੀ ਦੇ ਵਿਸ਼ੇਸ਼ ਯਤਨਾਂ ਨਾਲ ਇਸ ਪ੍ਰੋਗਰਾਮ ਦਾ ਆਯੋਜਨ ਕੀਤਾ ਗਿਆ। ਇਸ ਪ੍ਰੋਗਰਾਮ ਵਿੱਚ ਮੁੱਖ ਮਹਿਮਾਨ ਵਜੋਂ ਡਾਕਟਰ ਸੁਰਜੀਤ ਸਿੰਘ ਸਧਰ ,ਡਾ ਸੁਹਿੰਦਰ ਬੀਰ, ਪ੍ਰਸਿੱਧ ਗਾਇਕਾ ਡੋਲੀ ਗਲੇਰੀਆ ਜੀ ਤੇ ਸ਼ਾਮ ਸੰਧੂ ਜੀ ਹਾਜ਼ਰ ਹੋਏ ।ਕਵੀ ਦਰਬਾਰ ਵਿੱਚ ਕੰਵਰ ਇਕਬਾਲ ਸਿੰਘ, ਮੀਤਾ ਖੰਨਾ ,ਦਵਿੰਦਰ ਕੌਰ ਢਿੱਲੋਂ ,ਅਮਰਜੀਤ ਸਿੰਘ ਸ਼ੇਰਪੁਰੀ, ਹਰਜੀਤ ਬੰਮਰਾ, ਹਮੀਦ ਹਮੀਦੀ, ਸੁਰਿੰਦਰ ਭੋਗਲ, ਹਰਜੀਤ ਕੌਰ ਅਤੇ ਸੁਖਚਰਨਜੀਤ ਗਿੱਲ ਨੇ ਆਪਣੀਆਂ ਕਾਵ ਰਚਨਾਵਾਂ ਗਾ ਕੇ ਸੁਣਾਈਆਂ।




ਇਸ ਪ੍ਰੋਗਰਾਮ ਦੇ ਆਰੰਭ ਵਿੱਚ ਸਰਪ੍ਰਸਤ ਸੁਰਜੀਤ ਕੌਰ ਨੇ ਸਾਰੇ ਆਏ ਹੋਏ ਕਵੀਆਂ ਦਾ ਸਵਾਗਤ ਕਰਦਿਆਂ ਲੋਹੜੀ ਤੇ ਨਵੇਂ ਸਾਲ ਦੀ ਮੁਬਾਰਕਬਾਦ ਦਿੱਤੀ। ਪ੍ਰੋਗਰਾਮ ਦਾ ਆਰੰਭ ਪ੍ਰਧਾਨ ਰਿੰਟੂ ਭਾਟੀਆ ਨੇ ਆਪਣੀ ਮਧੁਰ ਆਵਾਜ਼ ਵਿੱਚ “ਨੀ ਮੈਂ ਕਿਉਂ ਕਰ ਜਾਵਾਂ ਕਾਅਬੇ ਨੂੰ “ਗੀਤ ਪੇਸ਼ ਕੀਤਾ। ਇਸ ਗਾਉਂਦੀ ਸ਼ਾਇਰੀ ਦੇ ਪਹਿਲੇ ਸ਼ਾਇਰ ਹਮੀਦੀ ਜੀ ਨੇ ਬਹੁਤ ਹੀ ਖ਼ੂਬਸੂਰਤ ਰਚਨਾ “ਜਾਣਤਾ ਹੂੰ ਤੁਝੇ ਜਮਾਨੇ ਸੇ ,ਫਿਰ ਵੀ ਹਟਤਾ ਨਹੀਂ ਨਿਸ਼ਾਨੇ ਸੇ ।ਮੁਸਕਰਾਇਆ ਕਰੋ ਦੋਸਤੋ ,ਜ਼ਿੰਦਗੀ ਬੜਤੀ ਹੈ ਮੁਸਕੁਰਾਨੇ ਸੇ ।“ਗਜ਼ਲ ਸੁਣਾ ਕੇ ਵਾਹ ਵਾਹ ਖੱਟੀ ।

ਇਸ ਉਪਰੰਤ ਮੁੱਖ ਮਹਿਮਾਨ ਡੋਲੀ ਗੁਲੇਰੀਆ ਜੀ ਨੇ ਜਿਹੜੇ ਕਿ ਪ੍ਰਸਿੱਧ ਗਾਇਕਾ ਸਵਰਗੀ ਸੁਰਿੰਦਰ ਕੌਰ ਜੀ ਦੀ ਸਪੁੱਤਰੀ ਹਨ , ਉਹਨਾਂ ਨੇ ਆਪਣਾ ਸੂਫੀਆਨਾ ਕਲਾਮ ਗਾਇਆ ।” ਮੇਰੇ ਗੁਰੂ ਘਰ ਮੇਰੇ ਸਾਈਆਂ ,ਲੱਖ ਲੱਖ ਤੇਰਾ ਸ਼ੁਕਰਾਨਾ ।ਤੇ “ ਨੀ ਮੈਂ ਕਮਲੀ ਆ “ਗਾ ਕੇ ਸਭ ਨੂੰ ਮੰਤਰ ਮੁਗਧ ਕਰ ਦਿੱਤਾ। ਡੋਲੀ ਗੁਲੇਰੀਆ ਜੀ ਨੂੰ ਸੁਨਣ ਲਈ ਹਾਜ਼ਰੀਨ ਮੈਂਬਰਜ਼ ਅਤੇ ਦਰਸ਼ਕਾਂ ਵਿਚ ਬਹੁਤ ਉਤਸ਼ਾਹ ਸੀ ।

ਅਮਰਜੀਤ ਸ਼ੇਰਪੁਰੀ ਜੀ ਨੇ ਬੜੇ ਜੋਸ਼ ਖਰੋਸ਼ ਨਾਲ ਨਵੇਂ ਸਾਲ ਨੂੰ ਮੁਬਾਰਕਬਾਦ ਕਹਿੰਦਿਆਂ ਆਪਣਾ ਗੀਤ

“2025 ਨਵਾਂ ਸਾਲ ਆਇਆ ਮਿੱਤਰੋ ,ਖੁਸ਼ੀਆਂ ਲਿਆਇਆ ਨਾਲ ਮਿੱਤਰ “ਗਾ ਕੇ ਨਵੀਂ ਊਰਜਾ ਪੈਦਾ ਕੀਤੀ। ਮੀਤਾ ਖੰਨਾ ਨੇ ਆਪਣਾ ਗੀਤ

“ ਦੀਵੇ ਜੁਗਨੂੰ ਚੰਨ ਸਿਤਾਰੇ ਕਿੰਨੇ ਖੁਸ਼ ਨੇ ਇਹ ਸਾਰੇ”

ਗਾ ਕੇ ਪ੍ਰਕਿਰਤੀ ਚਿਤਰਨ ਕਰਦਿਆਂ ਮਾਹੌਲ ਨੂੰ ਸਾਜ਼ਗਾਰ ਬਣਾ ਦਿੱਤਾ।

ਦਵਿੰਦਰ ਕੌਰ ਨੇ “ਨੀ ਮੈਂ ਅੱਡੀ ਨਾਲ ਪਤਾਸੇ ਭੋਰੀ ਜਾਵਾਂ ਕੁੜੀ ਆਂ ਮੁਹਾਲੀ ਸ਼ਹਿਰ ਦੀ “ਗਾ ਕੇ ਲੋਕ ਰੰਗ ਵਿੱਚ ਰੰਗੀ ਰਚਨਾ ਸਾਂਝੀ ਕੀਤੀ ।ਹਰਜੀਤ ਕੌਰ ਨੇ ਬਹੁਤ ਹੀ ਵਧੀਆ ਗੀਤ ,ਅੱਖੀਆਂ ਨੂੰ ਰਹਿਣ ਦੇ ਅੱਖੀਆਂ ਦੇ ਕੋਲ ਕੋਲ ਢੋਲਣਾ ,ਭਾਵੇਂ ਬੋਲ ਭਾਵੇਂ ਨਾ ਬੋਲ ਢੋਲਣਾ ਗਾਇਆ।

ਸੁਰਿੰਦਰ ਭੋਗਲ ਨੇ ਧੀਆਂ ਦੀ ਜੁਦਾਈ ਦਾ ਗੀਤ ਗਾ ਕੇ ਸਭ ਨੂੰ ਭਾਵਕ ਕਰ ਦਿੱਤਾ , “ਹੁਣ ਲੁਕ ਲੁਕ ਕਿਉਂ ਰੋਨੀ ਮਾਏ ਕੰਧਾਂ ਦੇ ਉਹਲੇ ਨੀ “ਕੰਵਰ ਇਕਬਾਲ ਸਿੰਘ ਨੇ ਤੂੰ ਪਰਦੇਸ ਦੀ ਜਾ ਕੇ ਬਹਿ ਗਿਆ “ਭਾਵਪੂਰਤ ਗੀਤ ਗਾ ਕੇ ਪ੍ਰਵਾਸ ਦੇ ਦੁਖੜੇ ਸਾਂਝੇ ਕੀਤੇ ।

ਹਰਜੀਤ ਬੰਮਰਾ ਨੇ ਸੁਰਿੰਦਰ ਕੌਰ ਦਾ ਪ੍ਰਸਿੱਧ ਗੀਤ

“ ਇੱਕ ਮੇਰੀ ਅੱਖ ਕਾਸ਼ਨੀ ਦੂਜਾ ਰਾਤ ਦੇ ਉਨੀਂਦਰੇ ਨੇ ਮਾਰਿਆ “ਗੀਤ ਗਾਇਆ। ਪਾਕਿਸਤਾਨ ਤੋਂ ਬਰੇਂਪਟਨ ਵੱਸਦੇ ਸ਼ਾਇਰ ਸ਼ਾਮ ਜੀ ਨੇ ,” ਰਾਂਝਣ ਮੈਥੋਂ ਦੂਰ ਨੀ ਅੜੀ , ਹਡ ਸੋਚਾਂ ਦੇ ਬਾਲ ਬਾਲ ਮੈਂ ਤਾਇਆ ਤਨ ਤੰਦੂਰ ਨੀ ਅੜੀਓ “ ਗਾ ਕੇ ਸੂਫੀ ਰੰਗ ਨਾਲ ਆਪਣੇ ਭਾਵਾਂ ਦਾ ਪ੍ਰਗਟਾਵਾ ਕੀਤਾ । ਸੁਖਚਰਨ ਗਿੱਲ ਨੇ

“ ਟੁੱਟੇ ਤਾਰਿਆਂ ਨੂੰ ਆਖਾਂ “ਗਾ ਕੇ ਖ਼ੂਬਸੂਰਤ ਆਵਾਜ਼ ਤੇ ਅੰਦਾਜ਼ ਨਾਲ ਆਪਣੀ ਸ਼ਾਇਰੀ ਪੇਸ਼ ਕੀਤੀ।

ਸੁਹਿੰਦਰ ਬੀਰ ਜੀ ਨੇ “ਤੇਰੇ ਦੀਦ ਦੇ



ਤਿਹਾਏ ਦਰ ਦਰ ਖਾਕ ਛਾਣਦੇ “ ਖ਼ੂਬਸੂਰਤ ਰਚਨਾ ਤਰੰਨਮ ਵਿੱਚ ਸੁਣਾਈ । ਇਸ ਸਮੁੱਚੇ ਪ੍ਰੋਗਰਾਮ ਬਾਰੇ ਚੇਅਰਮੈਨ ਸ। ਪਿਆਰਾ ਸਿੰਘ ਕੁੱਦੋਵਾਲ ਜੀ ਨੇ ਆਪਣੇ ਪ੍ਰਭਾਵ ਦਿੰਦਿਆਂ ਨਵੇਂ ਵਰ੍ਹੇ ਤੇ ਲੋਹੜੀ ਨੂੰ ਸਮਰਪਿਤ ਇਸ ਗਾਉਂਦੀ ਸ਼ਾਇਰੀ ਨਾਲ ਹੋਈ ਸ਼ੁਰੂਆਤ ਨੂੰ ਬਹੁਤ ਅਰਥਪੂਰਨ ਦੱਸਿਆ ।ਸ ।ਪਿਆਰਾ ਸਿੰਘ ਕੁੱਦੋਵਾਲ ਆਪਣੇ ਵਿਲੱਖਣ ਅੰਦਾਜ਼ ਤੇ ਦਮਦਾਰ ਅਵਾਜ਼ ਵਿੱਚ ਪ੍ਰੋਗਰਾਮ ਨੂੰ ਸਮ ਅੱਪ ਕਰਦੇ ਹਨ । ਬਹੁਤ ਸ਼ਿੱਦਤ ਨਾਲ ਸਾਰਾ ਪ੍ਰੋਗਰਾਮ ਸੁਣਕੇ ਉਹਨਾਂ ਨੇ ਤੇ ਸੱਭ ਦੀਆਂ ਰਚਨਾਵਾਂ ਦੇ ਬਾਰੇ ਆਪਣੇ ਪ੍ਰਭਾਵ ਪੇਸ਼ ਕੀਤੇ । ਉਹਨਾਂ ਨੇ ਰਮਿੰਦਰ ਰੰਮੀ ਵਾਲੀਆਂ ਵੱਲੋਂ ਕੀਤੇ ਜਾਂਦੇ ਇਸ ਯਤਨਾਂ ਦੀ ਸ਼ਲਾਘਾ ਕੀਤੀ ਤੇ ਨਾਲ ਹੀ ਸਮੁੱਚੀ ਟੀਮ ਦਾ ਵੀ ਸ਼ੁਕਰੀਆ ਕੀਤਾ। ਤੇ ਵੱਖ-ਵੱਖ ਕਵੀਆਂ ਦੁਆਰਾ ਗਾਈਆਂ ਗਈਆਂ ਰਚਨਾਵਾਂ ਬਾਰੇ ਆਪਣੇ ਵਿਚਾਰ ਦੱਸੇ ਕਿ ਅਜਿਹੀ ਸ਼ਾਇਰੀ ਲੋਕ ਰੰਗ ਅਤੇ ਸੱਭਿਆਚਾਰ ਨੂੰ ਉਘਾੜਦੀ ਹੈ ।ਡੋਲੀ ਗੁਲੇਰੀਆ ਜੀ ਦਾ ਵਿਸ਼ੇਸ਼ ਤੌਰ ਤੇ ਸ਼ੁਕਰੀਆ ਕੀਤਾ ਜਿਨ੍ਹਾਂ ਨੇ ਇਸ ਪ੍ਰੋਗਰਾਮ ਵਿੱਚ ਸ਼ਾਮਲ ਹੋ ਕੇ ਅੰਤਰਰਾਸ਼ਟਰੀ ਸਾਹਤਕ ਸਾਂਝਾਂ ਦਾ ਮਾਣ ਵਧਾਇਆ ਹੈ। ਸ। ਪਿਆਰਾ ਸਿੰਘ ਕੁੱਦੋਵਾਲ ਨੇ ਅੰਤ ਵਿੱਚ ਆਪਣੀ ਬਹੁਤ ਹੀ ਭਾਵਪੂਰਤ ਰਚਨਾ ਆਪਣੀ ਸੁਰੀਲੀ ਅਵਾਜ਼ ਵਿੱਚ ਸੁਣਾਈ ।

ਇਸ ਪ੍ਰੋਗਰਾਮ ਵਿੱਚ ਡਾ । ਦਲਬੀਰ ਸਿੰਘ ਕਥੂਰੀਆ ਚੇਅਰਮੈਨ ਵਿਸ਼ਵ ਪੰਜਾਬੀ ਸਭਾ ਨੇ ਆਪਣੇ ਕੀਮਤੀ ਰੁਝੇਵਿਆਂ ਵਿੱਚੋਂ ਸਮਾਂ ਨਿਕਾਲ ਕੇ ਪ੍ਰੋਗਰਾਮ ਵਿੱਚ ਸ਼ਿਰਕਤ ਕੀਤੀ । ਮਹਿੰਦਰ ਸਿੰਘ ਜੱਗੀ , ਸੱਯਦਾ ਆਇਸ਼ਾ ਗ਼ੱਫ਼ਾਰ ਆਸ਼ੀ, ਪ੍ਰਿੰ । ਹਰਜਿੰਦਰ ਕੌਰ ਸੱਧਰ , ਕੈਨੇਡੀਆਨ ਪੰਜਾਬੀ ਸਾਹਿਤ ਸਭਾ ਦੇ ਵਾਈਸ ਚੇਅਰਮੈਨ ਸ । ਮਲੂਕ ਸਿੰਘ ਕਾਹਲੋਂ , ਕਲਮਾਂ ਦੀ ਸਾਂਝ ਸਾਹਿਤ ਸਭਾ ਤੋਂ ਸ । ਹਰਦਿਆਲ ਸਿੰਘ ਝੀਤਾ ,ਡਾ । ਪੁਸ਼ਵਿੰਦਰ ਕੌਰ ਖੋਖਰ , ਹਰਭਜਨ ਕੌਰ ਗਿੱਲ , ਅੰਮ੍ਰਿਤਾ ਦਰਸ਼ਨ , ਡਾ । ਕੰਵਲਜੀਤ ਕੌਰ ਗਿੱਲ , ਸੁਰਿੰਦਰ ਸੂਰ , ਪਿਆਰਾ ਸਿੰਘ ਗਹਿਲੋਤੀ , ਇੰਜ । ਜਗਦੀਪ ਸਿੰਘ ਮਾਂਗਟ , ਵਤਨਵੀਰ ਸਿੰਘ ਜ਼ਖ਼ਮੀ , ਸ਼ਾਮ ਸਿੰਘ , ਦਲਜੀਤ ਸਿੰਘ , ਅੰਤਰਰਾਸ਼ਟਰੀ ਸਾਹਿਤਕ ਸਾਂਝਾਂ ਦੇ ਅਹੁਦੇਦਾਰ ਡਾ ।ਨਵਰੂਪ,ਪ੍ਰੋ ਕੁਲਜੀਤ ਕੌਰ,ਅਮਰ ਜਿਉਤੀ ਮਾਂਗਟ,ਦੀਪ ਕੁਲਦੀਪ ਵਿਸ਼ੇਸ਼ ਤੌਰ ਤੇ ਸ਼ਾਮਿਲ ਹੋਏ। ਇਹਨਾਂ ਤੋਂ ਇਲਾਵਾ ਦੇਸ਼ ਵਿਦੇਸ਼ ਤੋਂ ਬਹੁਤ ਸਾਰੇ ਦਰਸ਼ਕਾਂ ਨੇ ਇਸ ਗਾਉਂਦੀ ਸ਼ਾਇਰੀ ਦਾ ਆਨੰਦ ਮਾਣਿਆ। ਵੀ ਬਹੁਤ ਸੁਰੀਲੀ ਅਵਾਜ਼ ਵਿੱਚ ਗਾ ਕੇ ਸੁਣਾਇਆ ।ਗਾਉਂਦੀ ਸ਼ਾਇਰੀ ਵਿੱਚ ਸ਼ਾਇਰਾਂ ਨੇ ਸੁਰੀਲੇ ਗੀਤ ਆਪਣੀ ਸੁਰੀਲੀ ਅਵਾਜ਼ ਵਿੱਚ ਗਾ ਕੇ ਗੀਤਾਂ ਦੀ ਛਹਿਬਰ ਲਗਾ ਦਿੱਤੀ । ਪ੍ਰੋਗਰਾਮ ਦੀ ਰਿਪੋਰਟ ਪ੍ਰੋ ਕੁਲਜੀਤ ਕੌਰ ਸੀ । ਮੀਤ ਪ੍ਰਧਾਨ ਨੇ ਰਮਿੰਦਰ ਰੰਮੀ ਨੂੰ ਸਾਂਝੀ ਕੀਤੀ । ਧੰਨਵਾਦ ਸਹਿਤ ।

**ਰਮਿੰਦਰ ਰੰਮੀ ਫ਼ਾਊਂਡਰ ਅਤੇ ਪ੍ਰਬੰਧਕ ,**
**ਅੰਤਰਰਾਸ਼ਟਰੀ ਸਾਹਿਤਕ ਸਾਂਝਾਂ ।**

Samaj Weekly
ਸਮਾਜ ਵੀਕਲੀ
Punjabi, Hindi & English Newspaper - UK & EU Edition


# ਸਾਡੇ DIGITAL MEDIA ਨਾਲ ਜੁੜੋ

ਸਾਨੂੰ ਫੇਸਬੁੱਕ ਤੇ ਲਾਇਕ ਕਰੋ

facebook
samajweekly

ਸਾਨੂੰ ਐਕਸ ਤੇ ਫੌਲੋ ਕਰੋ

X @samajweekly

ਸਾਡੇ ਵਟਸਐੱਪ ਨਾਲ ਜੁੜੋ ਅਤੇ ਪਾਓ ਸਾਹਿਤ ਜਗਤ ਅਤੇ ਦੇਸ਼ ਦੁਨੀਆ ਨਾਲ ਜੁੜੀਆਂ ਬੇਹਤਰੀਨ ਖਬਰਾਂ




ਨਾਲ ਹੀ ਪਾਓ ਸਮਾਜ ਵੀਕਲੀ ਅਖਬਾਰ ਦਾ ਰੋਜਾਨਾ PDF ਉਹ ਵੀ ਬਿਲਕੁਲ ਮੁੱਫਤ

ਅਖਬਾਰ ਵਿੱਚ ਇਸ਼ਤਿਹਾਰ ਦੇਣ ਲਈ ਅਤੇ ਵੈਬਸਾਈਟ ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ।

+44 7878 456484
email:-Samajweekly@gmail.com